ਲਾਲਚ ਲੁਭਾਇ ਰਸ ਲੁਭਤ ਨਾਨਾ ਪਤੰਗ

ਬੁਝਤ ਹੀ ਅੰਧਕਾਰ ਭਏ ਅਕੁਲਾਤ ਹੈ।

(ਉਪਰੋਕਤ ਦੀਵੇ ਉਤੇ) ਲਾਲਚ ਦੇ ਸੁਆਦ ਦੀ ਮਸਤੀ ਵਿਚ ਅਨੇਕ ਤਰਾਂ ਦੇ ਪਤੰਗੇ ਮਸਤ ਹੁੰਦੇ ਹਨ ਅਤੇ ਦੀਵੇ ਦੇ ਗੁਲ ਹੋਣ ਕਰਕੇ ਅਨ੍ਹੇਰਾ ਹੋਣ ਨਾਲ ਕਾਹਲੇ ਪੈਂਦੇ ਹਨ॥

ਤੈਸੇ ਵਿਦਮਾਨ ਜਾਨੀਐ ਨ ਮਹਿਮਾ ਮਹਤ

ਅੰਤਰੀਛ ਭਏ ਪਾਛੈ ਲੋਗ ਪਛੁਤਾਤ ਹੈ ॥੨੫੦॥

ਜਿਹਾ ਕੁ ਹੀ ਗੁਰਾਂ ਦੇ ਹੁੰਦਿਆਂ ਗੁਰਾਂ ਦੀ ਵਡਿਆਈ ਬਹੁਤੀ ਨਾ ਜਾਣੀ ਅਤੇ ਜਦ ਗੁਰੂ ਅਲੋਪ ਹੋ ਜਾਣ ਤਾਂ ਪਿਛੋਂ ਲੋਕਾਂ ਅਫਸੋਸ ਕਰਕੇ ਪਛਤੌਣਾ ॥ ੨੫੦ ॥

ਜੈਸੇ ਦੀਪ ਦਿਪਤ ਮਹਾਤਮੈ ਨ ਜਾਨੈ ਕੋਊ

ਬੁਝਤ ਹੀ ਅੰਧਕਾਰ ਭਟਕਤ ਰਾਤ ਹੈ।

ਜਿਹਾ ਕੁ ਕੋਈ ਆਦਮੀ ਦੀਵੇ ਦੇ ਜਗਦਿਆਂ ਦੀਵੇ ਦਾ ਮਹਾਤਮ ਨਹੀਂ ਜਾਣਦਾ ਅਤੇ ਜਦ ਗੁਲ ਹੋ ਜਾਂਦਾ ਹੈ ਤਾਂ ਰਾਤ ਦੇ ਅਨ੍ਹੇਰੇ ਵਿਚ (ਭਟਕਦਾ) ਦੁਖੀ ਹੁੰਦਾ ਫਿਰਦਾ ਹੈ ॥

ਜੈਸੇ ਦ੍ਰੁਮ ਆਂਗਨਿ ਅਛਤ ਮਹਿਮਾ ਨ ਜਾਨੈ

ਕਟਤ ਹੀ ਛਾਹਿ ਬੈਠਬੇਕੋ ਬਿਲਲਾਤ ਹੈ।

(ਦ੍ਰੁਮ) ਬ੍ਰਿਛ (ਅਛਤ) ਹੁੰਦਿਆਂ। ਜਿਹਾ ਕੁ ਬ੍ਰਿਛ ਵੇਹੜੇ ਵਿਚ ਹੁੰਦਿਆਂ ਕੋਈ ਕਦਰ ਨਾ ਜਾਣੇ ਅਤੇ ਜਦ ਵਢਿਆ ਜਾਵੇ ਛਾਂ ਜਾਵੇ ਬੈਠਣ ਦੇ ਸੁਖ ਨੂੰ ਯਾਦ ਕਰਕੇ ਰੋਵੇ॥

ਜੈਸੇ ਰਾਜਨੀਤ ਬਿਖੈ ਚੈਨ ਹੈ ਚਤੁਰ ਕੁੰਟ

ਛੱਤ੍ਰ ਛਾਹਾ ਚਾਲ ਭਏ ਜੱਤ੍ਰ ਕੱਤ੍ਰ ਜਾਤ ਹੈ।

ਜਿਹਾ ਕੁ ਰਾਜੇ ਦੀ ਰਾਜਨੀਤਿ ਕਰਕੇ ਚਹੁੰ ਪਾਸੀਂ ਸੁਖ ਹੁੰਦਾ ਹੈ ਅਤੇ ਜਦ ਰਾਜਾ ਛਤ੍ਰ ਦੀ (ਛਾਹਾ) ਜਾਣੀ ਤੋਂ (ਚਲ) ਫਿਰ ਪਵੇ ਤਾਂ ਪਰਜਾ ਦੀ ਇਧਰ ਉਧਰ ਖਰਾਬੀ ਜਾਣੀ (ਦੁਖੀ ਹੁੰਦੀ) ਹੈ॥

ਤੈਸੇ ਗੁਰ ਸਿਖ ਸਾਧ ਸੰਗਮ ਸੁਚਾਰ ਸਰ

ਅੰਤਰੀਛ ਭਏ ਪਾਛੈ ਲੋਗ ਪਛੁਤਾਤ ਹੈ ॥੩੫੧॥

ਤੇਹਾਂ ਨੂੰ ਹੀ ਗੁਰ ਸਿਖਾਂ ਦੀ ਆਪ ਸੰਗਤ ਨਾਲ ਸੰਗਤ ਵਿਚ ਕੁਦਰਨ ਦੀ ਕੁਦਰਤੀ ਪਿਆਰ ਹੈ ਅਤੇ ਮਨਮੁਖ ਲੋਗ ਲੁਕੇ ਰਹਿੰਦੇ ਹਨ ਜਦ ਕੁਝੇ ਹੋ ਜਾਂਦੇ ਹਨ ਅਤੇ ਗੁਰਮੁਖਾਂ ਨੂੰ ਸੁਖੀ ਸਤਸੰਗ ਵਿਚ ਵੇਖਦੇ ਹਨ ਤਾਂ ਅਫਸੋਸ ਕਰਦੇ ਹਨ ॥ ੩੫੧ ॥

ਹੁਣ ਆਖਦੇ ਹਨ ਜੋ ਗੁਰਾਂ ਦੇ ਪਾਸ ਰਹਿੰਦਿਆਂ ਗੁਰਾਂ ਦੀ ਕਦਰ ਨਹੀਂ ਜਾਣਦੇ ਅਤੇ ਪਿਛੋਂ ਪਛਤਾਂਦੇ ਹਨ ਸੋ ਇਨ੍ਹਾਂ ਦੇ ਕੁਝ ਵਸ ਨਹੀਂ ॥

ਜਾਨੈ ਜੌ ਅਨੂਪ ਰੂਪ ਦ੍ਰਿਗਨ ਕੈ ਦੇਖੀਅਤਿ

ਲੋਚਨ ਅਛਤ ਅੰਧ ਕਾਹੇ ਨਾਹਿ ਪੇਖਈ ।

ਜੇ ਕੋਈ ਜਾਣੇ ਕਿ ਨੇਤ੍ਰਾਂ ਕਰਕੇ ਹੀ (ਸੁੰਦਰ ਸਰੂਪ ਆਦਕ) ਨਜ਼ਰ ਔਂਦਾ ਹੈ ਤਾਂ ਨੇਤ੍ਰਾਂ ਦੇ ਹੁੰਦਿਆਂ ਸੁੰਦਿਆਂ ਅੰਨ੍ਹਾ ਕਿਉਂ ਨਹੀਂ ਵੇਖਦਾ ॥

ਜਾਨੈ ਜੌ ਸਬਦ ਰਸ ਰਸਨਾ ਬਖਾਨੀਅਤਿ

ਜਿਹਵਾ ਅਛਤ ਕਤ ਗੂੰਗ ਨ ਸਰੇਖਈ ।

ਜੇ ਕੋਈ ਜਾਣੇ ਕਿ ਜੀਭ ਨਾਲ ਹੀ ਮਿਠਾ ਬੋਲ ਬੋਲੀਦਾ ਹੈ ਤਾਂ ਜੀਭ ਦੇ (ਅੱਛਤ) ਹੁੰਦਿਆਂ ਗੂੰਗਾ (ਕਤ) ਕਿਉਂ ਨਹੀਂ (ਸਰੇਖਈ) ਬੋਲ ਸਕਦਾ॥

ਜੌ ਪੈ ਜਾਨੈ ਰਾਗ ਨਾਦ ਸੁਨੀਅਤ ਸ੍ਰਵਨ ਕੈ

ਸ੍ਰਵਨ ਸਹਤ ਕਿਉਂ ਬਹਰੋ ਬਿਸੇਖਈ ।

ਫਿਰ ਜੇ ਕੋਈ ਕਹੇ ਕਿ (ਸ੍ਰਵਨ) ਕੰਨਾਂ ਕਰਕੇ ਰਾਗ ਦਾ (ਨਾਦ) ਅਵਾਜ਼ ਸੁਣਿਆਂ ਜਾਂਦਾ ਹੈ ਤਦ ਫਿਰ ਕੰਨਾਂ ਦੇ (ਸਹਤ) ਨਾਲ (ਸਹਿਤ ਦੇ) ਲਗਿਆਂ ਹੋਇਆਂ ਹੀ (ਬਸੇਖ) ਬਹੁਤ ਸਾਰਾ (ਬਹਰੋ) ਬੋਲਾ ਆਦਮੀ ਕਿਉਂ ਹੁੰਦਾ ਹੈ ॥

ਨੈਨ ਜਿਹਵਾ ਸ੍ਰਵਨ ਕੋ ਨ ਕਛੂਐ ਬਸਾਇ

ਸਬਦ ਸੁਰਤ ਸੋ ਅਲੇਖ ਲੇਖ ਲੇਖਈ ॥੩੫੨॥

ਨੇਤ੍ਰ, ਜੀਭ, ਕੰਨਾਂ ਅਵਾਜ਼ ਸ੍ਰੋਤ ਦੇ ਕੁਝ (ਬਸਾਇ) ਵਸ ਨਹੀਂ ਸੰਪੂਰਨ ਉਸ (ਅਲੇਖ) ਵਾਹਿਗੁਰੂ ਨੇ ਲੇਖਾਂ ਕਰਮਾਂ ਵਿਚ ਲਿਖ ਦਿਤਾ ਹੈ ਤਿਸ ਦੇ ਅਨੁਸਾਰ ਹੀ ਹੁੰਦਾ ਹੈ ॥ ੩੫੨ ॥

ਜਿਵੇਂ ਮਾਂ ਆਪਣੇ ਪੁਤ੍ਰ ਨਾਲ ਪਿਆਰ ਕਰਦੀ ਹੈ ਇਵੇਂ ਹੀ ਗੁਰੂ ਸਿਖ ਨਾਲ ॥

ਜਨਨਿ ਜਤਨ ਕਰ ਜੁਗਵੈ ਜਠਰ ਰਾਖੈ
ਤਾਤੇ ਪਿੰਡ ਪੂਰਨ ਹ੍ਵੈ ਸੁਤ ਜਨਮਤ ਹੈ।

ਮਾਂ ਪੇਟ ਰਖਣ ਦੇ ਉਦਮ ਵਿਚ ਜੁੜ ਕੇ (ਪੇਟ ਵਿਚ) ਪੁਤ੍ਰ ਦੀ ਰਖਿਆ ਕਰਦੀ ਹੈ ਭਾਵ ਬੜੇ ਜਤਨ ਨਾਲ ਗਰਭ ਧਾਰਨ ਕਰਦੀ ਹੈ ਤਿਸ (ਜਤਨ ਦੇ ਕਾਰਨ) ਦਾ ਪੂਰਾ ਸਰੀਰ ਕਰਕੇ ਪੁਤ੍ਰ ਜਨਮਦਾ ਹੈ॥

ਕਟੁਕ ਅਖਾਦਿ ਖਾਦਿ ਸੰਜਮ ਸਹਤ ਰਹੈ
ਤਾਹੀ ਤੇ ਪੈ ਪੀਅਤ ਅਰੋਗਪਨ ਪਤ ਹੈ।

ਫਿਰ ਮਾੜੇ ਖਾਣੇ (ਜੋ ਪੁਤ੍ਰ ਨੂੰ ਅੰਦਰ ਦੁਖ ਦੇਣ) ਖਾਣ ਤੋਂ ਮਨ ਨੂੰ ਰੋਕੀ ਰਖਦੀ ਹੈ (ਅਤੇ ਜੋ ਚੰਗਾ ਖਾਣਾ ਖਾਂਦੀ ਹੈ) ਤਿਸ ਤੇ ਪੁਤ੍ਰ ਦੁਧ ਪੀਕੇ ਅਰੋਗਤਾ ਨੂੰ ਪਹੁੰਚਦਾ ਹੈ॥

ਮਲ ਮੂਤ੍ਰ ਧਾਰ ਕੈ ਬਿਕਾਰ ਨ ਬਿਚਾਰੈ ਚਿਤ
ਕਰੈ ਪ੍ਰਤਿਪਾਲ ਬਾਲ ਤਊ ਤਨ ਗਤ ਹੈ।

ਪੁਤ੍ਰ ਦੀ ਮੈਲ ਮੂਤ (ਆਦਿਕ ਆਪਣੇ ਸਰੀਰ ਤੇ ਮਾਂ) ਧਾਰਦੀ ਹੈ ਅਤੇ ਇਸ ਗੰਦਗੀ ਦੇ ਵਿਕਾਰ ਨੂੰ ਚਿਤ ਵਿਚ ਨਹੀਂ ਵਿਚਾਰਦੀ ਸਗੋਂ ਰਖਿਆ ਕਰਦੀ ਹੈ ਫਿਰ ਇਕੁਰ ਬਾਲਕ ਪੂਰੇ ਸਰੀਰ ਨੂੰ (ਗਤ) ਪਹੁੰਚਦਾ ਕਿਆ ਵਡਾ ਹੁੰਦਾ ਹੈ

ਤੈਸੇ ਅਰਭਕ ਰੂਪ ਸਿਖ ਹੈ ਸੰਸਾਰ ਮਧਿ
ਸ੍ਰੀ ਗੁਰ ਦਿਆਲ ਕੀ ਦਯਾ ਕੈ ਸਨਗਤ ਹੈ ॥੬੫੩॥

ਤੇਹਾ ਹੀ ਸੰਸਾਰ ਵਿਚ ਜਾਂਦੇ (ਅਰਭਕ) ਪੁਤ੍ਰ ਬਾਲਕ ਗੁਰਾਂ ਦੇ ਸਿਖ ਹਨ ਅਤੇ ਸ੍ਰੀ ਦਿਆਲ ਗੁਰ (ਦਿਆਲ) ਕਿਰਪਾ ਦੇ ਧਾਰ ਦੀ ਕਿਰਪਾ ਕਰਕੇ ਸਿਖ (ਸਨਗਤ) ਸਾਥ ਸਰੀਰ ਦੇ ਕਿਆ ਉਚ ਪਦਵੀ ਨੂੰ ਪ੍ਰਾਪਤ ਹੁੰਦੇ ਹਨ ॥੬੫੩॥

ਜੈਸੇ ਤੌ ਜਨਨਿ ਖਾਨ ਪਾਨ ਕੌ ਸੰਜਮ ਕਰੈ
ਤੈਸੇ ਸੁਤ ਰਹੈ ਨਿਰਬਿਘਨ ਅਰੋਗ ਜੀ।

ਜਿਵੇਂ (ਜਨਨਿ) ਮਾਂ ਖਾਣ (ਪਾਨ) ਪੀਣ ਦਾ ਸੰਜਮ (ਮਾੜੇ ਅੰਨ ਖਾਣੋਂ ਮਨ ਰੋਕ ਰਖਣਾ) ਕਰਦੀ ਹੈ ਤਿਸ ਕਰਕੇ (ਸੁਤ) ਪੁਤ੍ਰ ਅਰੋਗ ਅਤੇ ਨਿਰਬਿਘਨ ਰਹਿੰਦਾ ਹੈ।

ਜੈਸੇ ਰਾਜਨੀਤਿ ਰੀਤਿ ਚਤੁਰ ਬਿਚਿਤ੍ਰ ਰੂਪ

ਤਾਤੇ ਨਿਹਚਿੰਤ ਨ੍ਰਿਭੈ ਬਸਤ ਹੈ ਲੋਗ ਜੀ ।

ਜਿਕੂਰ ਕੋਈ (ਧਰਮੀ) ਚੱਕ੍ਰਵਰਤੀ ਰਾਜਾ (ਰਾਜਨੀਤ) ਤਕੜਾ (ਸਹਿਤ) ਹੋ ਕੇ ਰਾਜਨੀਤੀ ਦੀ ਰੀਤੀ ਨੂੰ ਪਾਲਦਾ ਹੈ ਭਾਵ ਤਕੜਾ ਰਹਿੰਦਾ ਹੈ ਤਦ ਉਸ ਦੀ ਪਰਜਾ ਚਿੰਤਾ ਡਰ ਤੋਂ ਬਿਨਾ ਹੋ ਕੇ ਵਸਦੀ ਹੈ ॥

ਜੈਸੇ ਕਰੀਆ ਸਮੁੰਦ੍ਰ ਬੋਹਥ ਮੈ ਸਾਵਧਾਨ

ਤਾਹਿ ਪਾਰ ਪਹੁੰਚਤ ਪਥਕ ਅਸੋਗ ਜੀ ।

ਜਿਕੂਰ (ਕਰੀਆ) ਮਲਾਹ ਸਮੁੰਦ੍ਰ (ਵਿਚ) ਚਲਦੇ (ਬੋਹਥ) ਜਹਾਜ਼ ਵਿਚ (ਸਾਵਧਾਨ) ਤਕੜਾ ਰਵੇ ਤਦ (ਪਥਕ) ਮੁਸਾਫਰ ਕਿਸੇ ਤਰ੍ਹਾਂ ਦੇ ਦੁਖ ਤੋਂ ਬਿਨਾ ਹੀ ਪਾਰ ਪਹੁੰਚ ਜਾਂਦੇ ਹਨ ॥

ਤੈਸੇ ਗੁਰ ਪੂਰਨ ਬ੍ਰਹਮ ਗਿਆਨ ਧਿਆਨ ਲਿਵ

ਤਾਂਤੇ ਨਿਰਦੋਖ ਸਿਖ ਨਿਜ ਪਦ ਜੋਗ ਜੀ ॥੨੫੪

ਤਿਕੂਰ ਹੀ ਆਪ ਗੁਰੂ ਜੀ (ਪੂਰਨ ਬ੍ਰਹਮ) ਵੱਲੋਂ ਹੋਇ ਵਾਹਿਗੁਰੂ ਦੇ ਗਿਆਨ ਧਿਆਨ ਵਿਚ ਬ੍ਰਿਤੀ ਲੈਣ ਨੂੰ ਤਕੜੇ ਹੋਣ । ਭਾਵ ਜੇ ਆਪ ਗੁਰੂ ਪਰਮਾਤਮਾ ਦੇ ਪਿਆਰੇ ਹੋਣ ਤਾਂ ਤਿਸ ਤੋਂ ਸਿਖ ਬਿਨਾ ਦੁਖਾਂ (ਦੂਸ਼ਨਾਂ) ਦੇ ਹੋ ਕੇ (ਨਿਜ) ਆਪਣੇ (ਪਦ) ਮਰਤਬੇ (ਜੋਗ) ਲਾਇਕ ਭਾਵ ਵਾਹਿਗੁਰੂ ਨੂੰ ਪਹੁੰਚਣ ਵਾਲੇ ਹੋ ਜਾਂਦੇ ਹਨ ॥ ੨੫੪ ॥

ਜਿਕੂਰ ਬਾਲਕ ਨੂੰ ਕੋਈ ਗਾਲ੍ਹ ਕੱਢੇ ਤਾਂ ਮਾਂ ਸਹਿ ਨਹੀਂ ਸਕਦੀ ਤਿਕੂਰ ਹੀ ਜੋ ਸਿਖਾਂ ਨੂੰ ਦੁਬਿਧਾ ਆਦਿਕ ਦੁਖ ਦੇਣ ਤਾਂ ਗੁਰੂ ਜੀ ਰੱਖਿਆ ਕਰਦੇ ਹਨ ॥

ਜਨਨਿ ਸੁਤਹਿ ਜੈ ਧਿਕਾਰ ਮਾਰ ਪਯਾਰ ਕਰੈ

ਪਯਾਰ ਧਿਰਕਾਰ ਦੇਖ ਸਕਤਿ ਨ ਆਨ ਕੋ ।

(ਜਨਨਿ) ਮਾਂ । ਜੇ ਪੁਤ ਨੂੰ ਝਿੜਕ ਕੇ ਮਾਰਦੀ ਹੈ ਤੇ ਪਿਆਰ ਭੀ ਕਰਦੀ ਹੈ ਪਰ (ਆਨ) ਹੋਰ ਕਿਸੇ ਦੇ ਪਿਆਰ ਦੇ ਝਿੜਕਣੇ ਨੂੰ ਭੀ ਨਹੀਂ ਦੇਖ ਸਕਦੀ ॥

ਜਨਨਿ ਕੋ ਪਯਾਰ ਔ ਧਿਕਾਰ ਉਪਕਾਰ ਹੇਤ

ਆਨ ਕੋ ਧਿਕਾਰ ਪਯਾਰ ਹੈ ਬਿਕਾਰ ਪ੍ਰਾਨ ਕੋ ।

(ਜਨਨਿ) ਮਾਂ ਦਾ ਪਿਆਰ ਅਤੇ ਝਿੜਕਣਾ ਉਪਕਾਰ ਦਾ (ਹੇਤ) ਕਾਰਣ

ਹੈ ਅਤੇ (ਆਨ) ਹੋਰ ਇਸਤ੍ਰੀ ਦਾ ਪਿਆਰ ਕਾਲ ਦੀ ਜਿਕਰ ਨਾਲ ਵਰਤੇ ਦੇ ਪਾਣੀ ਦਾ (ਵਿਕਾਰ), ਜੋ (ਦੁਖਦਾਈ) ਹੈ॥ ਦੂਜੇ ਦਾ ਭਾਵ ਇਕੁਰ ਹੀ ਜਿਕੁਰ ਮੂਹਰੇ ਵਰਨਨ ਹੈ॥

ਜੈਸੇ ਜਲ ਅਗਨਿ ਮੈ ਪਰੈ ਬੂਡ ਮਰੈ ਜਰੈ
ਤੈਸੇ ਕ੍ਰਿਪਾ ਕ੍ਰੋਪ ਆਨ ਬਨਿਤਾ ਅਗਯਾਨ ਕੈ।

ਜਿਕੁਰ ਪ੍ਰਾਣੀ ਪਾਣੀ ਵਿਚ ਪੈਂਦਾ ਹੈ ਤਾਂ ਪੈਂਦਿਆਂ ਹੀ ਮਰ ਜਾਂਦਾ (ਮਿਟ ਜਾਂਦਾ) ਹੈ ਅਤੇ ਜੇ ਅਗ ਵਿਚ ਪਵੇ ਤਾਂ ਸੜਦਾ ਹੈ ਇਕੁਰ ਹੀ ਮਾਂ ਦਾ (ਕ੍ਰੋਪ) ਕ੍ਰੋਧ ਕਿਰਪਾ ਦਾ ਕਾਰਨ ਹੈ ਅਤੇ ਆਨ ਹੋਰ ਬਨਿਤਾ ਇਸਤ੍ਰੀ ਦਾ ਗੁਸਾ ਅਗਯਾਨਤਾਈ ਦਾ ਕਾਰਨ ਹੈ॥

ਤੈਸੇ ਗੁਰ ਸਿਖਨ ਕੋ ਜੁਗਵਤ ਜਤਨ ਹੈ
ਤ੍ਰਿਸ਼ਨਾ ਨ ਬਿਆਪੈ ਪ੍ਰੇਮ ਪਰਮ ਨਿਧਾਨ ਕੈ ॥ ੫੫੫॥

ਇਕੁਰ ਹੀ ਗੁਰੂ ਸਿਖਾਂ ਨੂੰ (ਵਾਹਿਗੁਰੂ) ਪ੍ਰੇਮ ਦੇ ਵੱਡੇ (ਨਿਧਾਨ) ਖਜ਼ਾਨੇ ਵਿਚ ਜਤਨ ਕਰਕੇ (ਜੁਗਵਤ) ਜੋੜ (ਲਾ) ਦੇਂਦੇ ਹਨ ਅਤੇ ਦ੍ਵੈਤ ਦੁਖ ਆਦਕ ਨਹੀਂ ਪੋਹ ਸਕਦੇ॥ ੫੫੫॥

ਗੁਰੂ ਸਿਖਾਂ ਦੀ ਭੁਲ ਚੁਕ ਅਤੇ ਔਗਣਾਂ ਇਕੁਰ ਨਹੀਂ ਕਿਰਦਾ ਹੈ ਜਿਕੁਰ ਮੂਹਰੇ ਵਰਨਨ ਹੈ॥

ਜੈਸੇ ਕਰ ਗਹਤ ਸਰਪ ਸੁਤ ਪੇਖ ਮਾਤਾ
ਕਹੈ ਨ ਪੁਕਾਰ ਫੁਸਲਾਇ ਉਰ ਮੰਡ ਹੈ।

(ਕਰ) ਹਥ (ਗਹਤ) ਫੜਦਿਆਂ (ਫੁਸਲਾਇ) ਹੌਲੀ (ਪਰਚਾਣਾ) (ਉਰ) ਹਿਰਦਾ (ਮੰਡ) ਮਲਣਾ ਜਾ ਲੈਣਾ। ਜਿਕੁਰ ਮਾਂ ਪੁਤ੍ਰ ਨੂੰ ਹਥ ਨਾਲ ਸਪ ਫੜਦਿਆਂ ਵੇਖਕੇ ਕਿਸੇ ਨੂੰ ਉਚੀ ਨਾਲ ਨਹੀਂ ਆਖਦੀ (ਭਾਵ ਦੂਜੇ ਦੇ ਆਖਣ ਨਾਲ ਸ਼ਾਇਦ ਤਾਂ ਸਪ ਆਦਕ ਦਾ ਪੁਤ੍ਰ ਨੂੰ ਡਰ ਹੈ ਕਿ ਡੰਗ ਨਾ ਮਾਰੇ ਅਤੇ ਦੂਸਰਾ ਦੂਜੇ ਨੇ ਖਬਰੇ ਮੇਰੀ ਛੇਤੀ ਰਖਿਆ ਕਰਨੀ ਹੈ ਯਾ ਨਹੀਂ) ਅਤੇ ਹੌਲੀ ਨਾਲ ਹਿਰਦੇ ਨਾਲ ਲਾ ਲੈਂਦੀ ਹੈ॥

ਜੈਸੇ ਬੈਦ ਰੋਗੀ ਪ੍ਰਤਿ ਕਹੈ ਨ ਬਿਥਾਰ ਬ੍ਰਿਥਾ
ਸੰਜਮ ਕੈ ਔਖਧ ਖਵਾਇ ਰੋਗ ਖੰਡ ਹੈ।

ਜਿਕੁਰ ਹਕੀਮ ਬਿਮਾਰ ਰੋਗੀ ਪੇਸਦੇ ਪੀੜਾ (ਦੁਖ) ਨਹੀਂ ਦਸਦਾ ਪਰ ਪਰਹੇਜ਼ ਨਾਲ ਦਵਾਈ ਖੁਆ ਕੇ ਰੋਗ ਨੂੰ ਨਾਸ ਕਰਦਾ ਹੈ॥

ਜੈਸੇ ਭੂਲ ਚੂਕ ਚਟੀਆਂ ਕੀ ਨਾ ਬਿਚਾਰੇ ਪਾਧਾ

ਕਹਿ ਕਹਿ ਸਿਖਯਾ ਮੂਰਖੱਤ ਮੱਤਿ ਖੰਡ ਹੈ।

ਜਿਵੇਂ ਪਾਧਾ ਮੁੰਡਿਆਂ ਦੀ ਭੁਲ ਨੂੰ ਨਹੀਂ ਵਿਚਾਰਦਾ ਅਤੇ ਸਿਖਿਆ ਦੇ ਦੇਕੇ ਮੂਰਖਤਾਈ ਵਾਲੀ ਅਕਲ ਦੂਰ ਕਰਦਾ ਹੈ ॥

ਤੈਸੇ ਪੇਖ ਔਗਨ ਕਹੈ ਨ ਸਤਿਗੁਰ ਕਾਹੂ

ਪੂਰਨ ਬਿਬੇਕ ਸਮਝਾਵਤ ਪ੍ਰਚੰਡ ਹੈ ॥ ੫੯੬ ।

ਤਿਵੇਂ ਹੀ ਗੁਰੂ ਮਹਾਰਾਜ ਸਿਖਾਂ ਦੇ ਔਗੁਣ (ਪੇਖ) ਵੇਖਕੇ ਕਿਸੇ ਨੂੰ ਨਹੀਂ ਆਖਦੇ ਅਤੇ ਪੂਰੇ ਪੂਰੇ ਵਿਚਾਰ ਨਾਲ ਸਮਝਾਕੇ (ਪ੍ਰਚੰਡ) ਤਿਖੇ ਭਾਵ ਸਫ਼ ਤਯਾਰ) ਕਰ ਦੇਂਦੇ ਹਨ ॥ ੫੯੬ ॥

ਗੁਰੂ ਜੀ ਸਿਖਾਂ ਦੇ ਔਗੁਣ ਕਿਵੇਂ ਦੂਰ ਕਰਕੇ ਆਪਣੇ ਘਰ (ਜਿਥੇ ਸਦਾ ਸੁਖ ਰਹਿੰਦਾ ਹੋਵੇ) ਪਹੁੰਚਾ ਦੇਂਦੇ ਹਨ ਜਿਵੇਂ ਮਗਰੋਂ ਵਰਨਨ ਹੈ ॥

ਜੈਸੇ ਇਸਨਾਨ ਪਾਨ ਪੋਖਿ ਤੋਖਿ ਬਾਲਕਹਿ

ਅਸਥਨ ਪਾਨ ਬਾਨ ਜਨਨਿ ਮਿਟਾਵਈ।

ਜਿਵੇਂ ਮਾਂ ਪੁਤ ਨੂੰ ਮਿਠਾ ਖਾਣਾ ਖਵਾ ਪਿਆਕੇ ਪਾਲਦੀ ਅਤੇ ਪ੍ਰਸੰਨ ਕਰਦੀ ਹੈ ਅਤੇ ਮੰਮਾ ਚੁੰਘਣ ਦੀ ਬੁਰੀ ਆਦਤ (ਮਿਟਾ) ਹਟਾ ਦਿੰਦੀ ਹੈ ॥

ਮਿਸਰੀ ਮਿਲਾਇ ਜੈਸੇ ਔਖਧਿ ਖਵਾਇ ਬੈਦ

ਮੀਠੇ ਕਰ ਖਾਤ ਹੇਤੀ ਰੋਗਹਿ ਘਟਾਵਈ।

ਜਿਵੇਂ ਕੌੜੀ ਦਵਾਈ ਵਿਚ ਮਿਸਰੀ ਰਲਾਕੇ ਹਕੀਮ ਰੋਗੀ ਨੂੰ ਖੁਵਾਂਦਾ ਹੈ ਅਤੇ ਬਿਮਾਰ ਦੁਵਾ ਨੂੰ ਮਿਠਾ ਕਰਕੇ ਖਾਂਦਾ ਹੈ ਅਤੇ ਰੋਗ ਨੂੰ (ਘਟਾ) ਦੂਰ ਕਰ ਲੈਂਦਾ ਹੈ ॥

ਜੈਸੇ ਜਲ ਸੀਚਿ ਸੀਚਿ ਧਾਨਹਿ ਕ੍ਰਿਸਾਨ ਪਾਲੇ

ਭਏ ਪਰਪੱਕ ਕਾਟ ਘਰ ਮੈ ਲਿਆਵਈ।

ਜਿਵੇਂ (ਕ੍ਰਿਸਾਨ) ਜਟ ਛੱਟੇ ਨਾਲ ਪਾਣੀ ਨੂੰ ਸਿੰਜ ਸਿੰਜ ਕੇ ਧਾਨਾਂ ਦੇ ਖੇਤ ਨੂੰ ਪਾਲਦਾ ਹੈ ਅਤੇ ਜਦ ਪੱਕ ਜਾਣ ਤਾਂ ਕਟਕੇ ਘਰ ਲਿਆਉਂਦਾ ਹੈ ॥

ਤੈਸੇ ਗੁਰ ਕਾਮਨਾ ਪੁਜਾਇ ਨਿਹਕਾਮ ਕਰੈ

ਨਿਜ ਪਦ ਨਾਮੁ ਧਾਮੁ ਸਿਖੈ ਪਹੁਚਾਵਹੀ॥੨੫੭॥

ਤਿਵੇਂ ਹੀ ਗੁਰੂ ਸਿਖ ਦੀਆਂ ਸਾਰੀਆਂ ਇੱਛਾ ਪੂਰੀਆਂ ਕਰਕੇ ਨਿਸ਼ਕਾਮ ਕਰਦੇ ਹਨ ਅਤੇ (ਨਿਜ ਪਦ) ਆਪਣੇ ਸੁਰਾਤਮੇ ਨਾਮ ਦੇ (ਧਾਮ) ਘਰ ਨੂੰ ਪਹੁੰਚਾ ਦੇਂਦੇ ਹਨ । ੨੫੭ ॥

ਉਪ੍ਰੋਕਤ ਸਿਖਾਂ ਨੂੰ ਗੁਰੂ ਜੀ ਜਿਵੇਂ ਜਮ ਦੇ ਵਸ ਨਹੀਂ ਪੈਣ ਦੇਂਦੇ ਤਿਵੇਂ ਮੁਹਰੇ ਵਰਨਨ ਹੈ ॥

ਗਿਆਨ ਧਿਆਨ ਪ੍ਰਾਨ ਸੁਤ ਰਾਖਤ ਜਨਨਿ ਪ੍ਰਤਿ
ਔਗੁਨ ਗੁਨ ਪੇਖ ਮਾਤਾ ਚਿਤ ਮੈਂ ਨ ਚੇਤ ਹੈ ।

ਜੇਹੜਾ ਪੁਤ੍ਰ ਮਾਂ ਨੂੰ ਪ੍ਰਾਣਾਂ (ਪ੍ਰਤਿ) ਤਾਈਂ ਪਿਆਰੀ ਵੇਖ ਸਮਝ ਕੇ ਰਖਦਾ ਹੈ(ਭਾਵ ਪਿਆਰੀ ਜਾਣਦਾ ਹੈ) ਤਿਸਦੇ ਮਾਂ ਗੁਨ ਔਗੁਨ (ਪੇਖ) ਵੇਖਕੇ ਚਿਤ ਵਿਚ ਨਹੀਂ (ਚਿਤ) ਯਾਦ ਰਖਦੀ ॥

ਜੈਸੇ ਭਰਤਾਰ ਭਾਰ ਨਾਰਿ ਉਰਹਾਰ ਮਾਨੇ
ਤਾਂਤੇ ਲਾਡੁ ਲਾਲਨਾ ਕੋ ਮਾਨੁ ਮਨ ਲੇਤ ਹੈ ।

ਜਿਵੇਂ ਇਸਤ੍ਰੀ ਪਤੀ ਨੂੰ ਸਦੈਵ ਹੀ ਹਿਰਦੇ ਦਾ ਹਾਰ ਸਮਝਦੀ(ਜਿਆਦਾ ਪਿਆਰਾ ਜਾਣਦੀ) ਹੈ ਤਿਸ ਤੇ ਪਤੀ ਇਸਤ੍ਰੀ ਦਾ (ਮਾਨ) ਆਦਰ (ਮੰਨ ਲੈਂਦਾ) ਕਰਦਾ ਹੈ॥

ਜੈਸੇ ਚਟੀਆ ਸਭੀਤ ਸਕੁਚਤ ਪਾਧਾ ਪੇਖ
ਤਾਂਤੇ ਭੂਲ ਚੂਕ ਪਾਂਧਾ ਛਾਡਤ ਨ ਹੇਤ ਹੈ ।

ਜਿਵੇਂ ਮੁੰਡੇ ਪਾਂਧੇ ਨੂੰ ਵੇਖਕੇ ਡਰਦੇ ਸੰਗਦੇ ਜਾਂਦੇ ਹਨ (ਜੇਹੜੀ ਭੁਲ ਹੋਈ ਹੁੰਦੀ ਹੈ) ਤਿਸਤੋਂ ਪਾਂਧਾ ਬਾਲਕਾਂ ਨਾਲ ਪਿਆਰ ਨਹੀਂ ਛਡਦਾ ॥

ਤੈਸੇ ਮਨ ਬਚ ਕ੍ਰਮ ਗੁਰ ਚਰਨ ਸਰਨ ਸਿਖ
ਤਾਂਤੇ ਸਤਿਗੁਰ ਜਮ ਡੰਡਹਿ ਨ ਦੇਤ ਹੈ ॥ ੨੫੮॥

ਤਿਵੇਂ ਹੀ ਮਨ (ਬਚ) ਬਾਣੀ (ਕ੍ਰਮ) ਸਰੀਰ ਕਰਕੇ ਜੇਹੜੇ ਸਿਖ ਗੁਰਾਂ ਦੀ ਚਰਨ ਸ਼ਰਨ ਔਂਦੇ ਹਨ ਤਿਸ ਕਰਕੇ ਗੁਰੂ ਜੀ ਆਪਣੇ ਸਿਖਾਂ ਨੂੰ ਜਮ ਰਾਜਾ ਦੇ ਦੂਤਾਂ ਨੂੰ ਨਹੀਂ (ਦਸ ਦੇਂਦੇ) ਦਿੰਦੇ॥ ੨੫੮ ॥

ਗੁਰ ਸਿਖਾਂ ਨੇ ਇਹ ਗੁਰ ਦੇ ਸਰੂਪ ਪਦਾਰਥ ਜੋੜ ਦਨ ਜਿਸ ਕਰਕੇ ਕਾਮ ਆਦਕ ਵਿਚ ਚੋਰ ਨਹੀਂ ਪਾ ਸਕਦੇ ॥

ਕੋਟਨਿ ਕੋਟਾਨਿ ਕਾਮ ਕਟਕ ਹ੍ਵੈ ਕਾਮਾਰਥੀ
ਕੋਟਨਿ ਕੋਟਾਨਿ ਕ੍ਰੋਧ ਕ੍ਰੋਧੋਵਿਰਤ ਆਹਿ ਜੀ ।

ਕਰੋੜਾਂ ਹੀ ਕਾਮ ਅਤੇ ਕਰੋੜਾਂ ਹੀ (ਕਾਮਾਰਥੀ) ਕਾਮ ਦੇ ਮਤਲਬ ਵਾਲਿਆਂ ਦੀ (ਕਟਕ) ਸੈਨਾ (ਹ੍ਵੈ ਰਹੀ) ਕੱਠੀ ਹੋਵੇ ਅਤੇ ਕਰੋੜਾਂ ਹੀ ਕ੍ਰੋਧ ਅਤੇ ਕਰੋੜਾਂ ਹੀ ਗੁੱਸੇ ਵਾਲੇ (ਆਹਿ) ਹੋਣ ਭਾਵੇਂ ॥

ਕੋਟਨਿ ਕੋਟਾਨਿ ਲੋਭ ਲੋਭੀ ਹ੍ਵੈ ਲਾਲਚ ਕਰੈ
ਕੋਟਨਿ ਕੋਟਾਨਿ ਮੋਹ ਮੋਹਿ ਅਵਗਾਹਿ ਜੀ ।

ਕਰੋੜਾਂ ਹੀ ਲੋਭ ਅਤੇ ਕਰੋੜਾਂ ਹੀ ਲੋਭੀ (ਲਾਲਚ) ਲੋਭ ਦੇਣਾ (ਭਰਮੈਣਾ) ਭਾਵੇਂ ਕਰਨ ਅਤੇ ਕਰੋੜਾਂ ਹੀ ਮੋਹ ਕਰੋੜਾਂ ਤਰਾਂ ਦੇ ਵਰੇਵ ਕਰਨੇ ਸੋਹਣ ਨੂੰ (ਅਵਗਾਹਿ) ਵਿਚਾਰਨ ਭਾਵੇਂ ॥

ਕੋਟਨਿ ਕੋਟਾਨਿ ਅਹੰਕਾਰ ਅਹੰਕਾਰੀ ਹੋਇ
ਰੂਪ ਰਿਪ ਸੰਪੈ ਸੁਖ ਬਲ ਛਲ ਚਾਹਿ ਜੀ ।

ਕਰੋੜਾਂ ਹੰਕਾਰ ਅਤੇ ਕਰੋੜਾਂ ਹੰਕਾਰੀ (ਭਾਵੇਂ) ਕਰੇ ਹੋਣ ਅਤੇ (ਰੂਪ ਰਿਪ, ਇਸਤ੍ਰੀ੨ ਪਦਾਰਥ ੩ ਸੁਖ ੪ਜੋਰ ਵਾਲੇ ੫ਛਲ ਲਾਈਏ ੬ ਇਛਾ (ਭਾਵੇਂ ਹੋਣ)॥

ਸਤਿਗੁਰ ਸਿਖਨ ਕੈ ਰੋਮਹਿ ਨ ਚਾਂਪ ਸਕੈ
ਨਾਮ ਗੁਰ ਗਿਆਨ ਧਿਆਨ ਸਸਤ੍ਰ ਸਨਾਹਿ ਜੀ ॥੨੫੯

ਉਪ੍ਰੋਕਤ ਵਿਚੋਂ=ਗੁਰੂ ਕੇ ਸਿਖਾਂ ਦੇ ਵਾਲ ਨੂੰ ਵੀ ਨਹੀਂ (ਚਾਂਪ)ਦਬਾ ਸਕਦੇ ਪਰ ਹੇਤ ਇਕ ਨੂੰ ਨਹੀਂ ਕਿ=ਜਿਨ੍ਹਾਂ ਸਿਖਾਂ ਨੇ ਗੁਰਾਂ ਦੇ ਗਿਆਨ ਦਾ ਰਖਿਆ ਅਤੇ ਧਿਆਨ ਦੀ (ਸਨਾਹਿ) ਸੰਜੋਇ ਪਹਰੀ ਹੋਈ ਹੈ ॥੨੫੯ ॥

ਜਿਵੇਂ ਸੁਮੇਰ ਪਰਬਤ ਨੂੰ ਪਵਨ ਆਦਕ ਕੋਈ ਨਹੀਂ ਕਰ ਸਕਦੇ ਤਿਵੇਂ ਹੀ ਗੁਰਮੁਖਾਂ ਨੂੰ ਵਿਕਾਰ ਨਹੀਂ ਦਬਾ ਸਕਦੇ ॥

ਜੈਸੇ ਤੌ ਸੁਮੇਰ ਊਚ ਅਚਲ ਅਗਮ ਅਤਿ
ਪਾਵਕ ਪਵਨ ਜਲ ਬ੍ਯਾਪ ਨ ਸਕਤ ਹੈ ।

ਜਿਵੇਂ ਸੋਨੇ ਦਾ ਪਹਾੜ ਉਚਾ ਅਡੋਲ ਅਤੇ ਅਗਾਧ ਹੀ ਅਗਮ ਜਿਥੇ ਕੋਈ ਪਹੁੰਚ ਨਾ ਸਕੇ ਹੈ ਇਸ ਲਈ ਤਿਸ ਨੂੰ (ਪਾਵਕ) ਅੱਗ ਪੌਣ ਪਾਣੀ (ਬ੍ਯਾਪ) ਫੇਰ ਹਿਲਾ ਜੁਲਾ ਨਹੀਂ ਸਕਦੇ ॥

ਪਾਵਕ ਪ੍ਰਗਾਸ ਤਾਸ ਚੌਗਨੀ ਚਲਤ ਬਨੀ

ਪੌਨ ਗੌਨ ਧੂਰ ਦੂਰ ਹੋਇ ਦਮਕਤ ਹੈ ॥

(ਪਾਵਕ) ਅਗਨੀ, ਤਾਸ) ਤਿਸਦੀ (ਬਨੀ) ਰੰਗ (ਗੌਨ) ਜਾਣਾ (ਚਲਣਾ) ਅੱਗ ਦੇ ਬਲਣ ਨਾਲ ਤਿਸ ਪਤਥਰ ਨੂੰ ਚੌਣਾ ਰੰਗ ਚੜ੍ਹਦਾ ਜਿਆ ਲਾਲ ਹੁੰਦਾ ਹੈ ਅਤੇ ਵਾ ਦੇ ਚਲਣ ਨਾਲ ਘਟਾ ਧੂੜ ਹੋਕੇ ਲਿਸ਼ਕਦਾ ਹੈ ॥

ਤੀਰਥ ਸਲਲਿ ਮਲ ਧੋਇ ਨਿਰਮਲ ਕਰੈ

ਹਰੈ ਦੁਖ ਦੋਖ ਸੁਨ ਸੁਜਸ ਬਕਤ ਹੈ ॥

(ਸਲਲਿ) ਪਾਣੀ (ਬਕਤ) ਉਚਾਰਨ ਕਰਨਾ। ਪਾਣੀ ਸੁਮੇਰ ਪਰਬਤ ਨਾਲ ਲਗਾਕੇ ਮੈਲ ਧੋ ਕੇ ਨਿਰਮਲ ਕਰਦਾ ਹੈ ਅਤੇ ਜਿਹੜਾ ਸੋਨੇ ਨੂੰ ਵੇਖਦਾ ਹੈ ਉਸਦੇ ਸੋਨਾ ਦੁਖ ਦੂਰ ਕਰਦਾ ਹੈ ਅਤੇ ਜਿਹੜਾ ਸੁਣਦਾ ਹੈ ਓਹ ਜਸ ਉਚਾਰਦਾ ਹੈ ॥

ਤੈਸੇ ਗੁਰ ਸਿਖ ਜੋਗੀ ਤ੍ਰਿਗੁਣ ਅਤੀਤ ਚੀਤ

ਸ੍ਰੀ ਗੁਰ ਸਬਦ ਰਸ ਅੰਮ੍ਰਿਤ ਛਕਤ ਹੈ ॥ ੩੯੦॥

ਤਿਵੇਂ ਹੀ ਗੁਰੂ ਕੇ ਸਿਖ ਜੋ ਜੋਗੀ ਸੰਤ (ਵਾ ਸਿਖੀ ਵਿਚ ਜੁੜੇ ਹੋਏ) ਤਿੰਨਾਂ ਗੁਣਾਂ ਤੋਂ ਅਤੀਤ=ਰਹਤ ਚਿਤ ਕਰਕੇ ਹਨ ਸੋ ਸੁਭਾਇਮਾਨ ਗੁਰਾਂ ਦੇ ਸ਼ਬਦ ਦਾ ਸੁਆਦ ਅੰਮ੍ਰਿਤ ਨਾਲੋਂ ਵਧੀਕ ਸ੍ਵਾਦੀ ਜਾਣਕੇ ਛਕਦੇ (ਸੁਣਕੇ ਪ੍ਰਸੰਨ ਹੁੰਦੇ) ਤਿਆਂ ਵਿਕਾਰਾਂ ਨੂੰ ਦੂਰ ਕਰਦੇ ਹਨ ॥ ੩੯੦ ॥

ਉਪ੍ਰੋਕਤ ਗੁਰਮੁਖਾਂ ਦੀ ਜੋ ਜੋ ਸੰਗਤ ਕਰਦਾ ਹੈ ਓਹ ਇਉਂ ਉੱਚੇ ਮਰਤਬੇ ਨੂੰ ਪਹੁੰਚਦਾ ਹੈ ਜਿਵੇਂ ਮੁਹਰੇ ਵਰਨਨ ਹੈ ॥

ਜੈਸੇ ਸੁਕਦੇਵ ਕੇ ਜਨਮ ਸਮੈ ਜਾਕੋ ਜਾਕੋ

ਜਨਮ ਭਇਓ ਤੇ ਸਕਲ ਸਿਧ ਜਾਨੀਐ ॥

ਜਿਵੇਂ ਸੁਕਦੇਵ ਦੇ ਜੰਮਣ ਵੇਲੇ ਜਿਸ ਜਿਸਦਾ ਜਨਮ ਹੋਇਆ ਹੈ ਓਹ ਸਾਰੇ ਸਿਧ ਹੋ ਗਏ ਜਾਣੀਦੇ ਹਨ ॥

ਦੋਹਿਰਾ ਛੰਦ ॥ ਪਾਰਬਤੀ ਨੂੰ ਕਥਾ ਸੁਣੌਂਦਾ ਸ਼ਿਵਜੀ ਬੈਠ ਇਕਾਂਤ। ਪਾਰਬਤੀ ਥਾਂ ਤੋਤਾ ਪਹਿਲੇ ਲਗਾ ਦੇਣ ਹੁੰਗਾਰਾ। ਮਹਾ ਦੇਵ ਨੇ ਤੋਤੇ ਪਿਛੇ [illegible] [illegible] ਨੂੰ ਛਡਿਆ। ਬਿਆਸ ਰਿਖੀ ਦੀ ਔਰਤ ਮਿਖਕੇ ਉਸਦੇ ਅੰਦਰ ਵੜਿਆ। [illegible] ਗੌਰਵਣ ਕਰਦਾ ਤੋਤਾ ਉਹਨਾਂ ਅੰਦਰ ਵੜਕੇ। ਉਸ ਪੁਤ੍ਰੀ ਨੂੰ [illegible] [illegible] ਰਹਿਆ [illegible] [illegible] ਦੇ ਬਚਨਦੇ। ਸ਼ਿਵਜੀ ਨੇ ਜਾਂ [illegible] [illegible] ਜਨਮ [illegible] [illegible]

ਸ੍ਵਾਂਤਿ ਬੂੰਦ ਜੈਸੀ ਜੈਸੀ ਪਰਤ ਸਮੁੰਦ੍ਰ ਬਿਖੈ
ਸੀਪ ਕੈ ਸੰਜੋਗ ਮੁਕਤਾਹਲ ਬਖਾਨੀਐ ॥

ਸ੍ਵਾਂਤੀ ਨਿਛੱਤ੍ਰ ਵਿਚ ਮੀਂਹ ਦੀਆਂ ਜੇਹੜੀਆਂ ਕਣੀਆਂ ਸਮੁੰਦ੍ਰ ਵਿਚ ਪੈਂਦੀਆਂ ਹਨ ਓਹ ਸਿਪੀ ਦੀ ਸੰਗਤ ਕਰਕੇ (ਮੁਕਤਾਹਲ) ਮੋਤੀ (ਕਹੀਦੀਆਂ) ਹੁੰਦੀਆਂ ਹਨ ॥

ਬਾਵਨ ਸੁਗੰਧ ਸਨਬੰਧ ਪੌਨ ਗੌਨ ਕਰੈ
ਲਾਗੈ ਜਾਹੀ ਜਾਹੀ ਦ੍ਰੁਮ ਚੰਦਨ ਸਮਾਨੀਐ ॥

ਚੰਦਨ ਦੀ ਸੁਗੰਧੀ ਨਾਲ ਜੇਹੜੀ ਹਵਾ ਮਿਲਕੇ ਚਲਦੀ ਹੈ ਉਹ ਜਿਸ ਜਿਸ ਬੂਟੇ ਨੂੰ ਲਗਦੀ ਹੈ ਉਹ ਉਹ ਚੰਦਨ ਦੇ ਬਰਾਬਰ ਹੁੰਦਾ ਜਾਂਦਾ ਹੈ ॥

ਗੁਰਸਿਖ ਸੰਗ ਜੈਸੇ ਜਾਗਤ ਅੰਮ੍ਰਿਤ ਜੋਗ
ਸਬਦ ਪ੍ਰਸਾਦਿ ਮੋਖ ਪਦ ਪਰਵਾਨੀਐ ॥੩੬੧॥

ਤਿਵੇਂ ਹੀ ਗੁਰ ਸਿਖਾਂ ਦੀ ਸੰਗਤ ਵਿਚ ਜੋ ਜੋ ਜਾਗਦਾ ਹੈ ਉਹ ਗੁਰਾਂ ਦੇ ਸਬਦ ਰੂਪ ਭੋਜਨ ਨੂੰ ਅੰਮ੍ਰਿਤ ਕਰਦਾ ਹੈ ਅਤੇ ਉਹ ਮਰਤਬੇ ਦੇ (ਜੋਗ) ਲਾਇਕ ਹੁੰਦਾ ਹੈ ॥ ੩੬੧ ॥

ਪੂਰੇ ਗੁਰਾਂ ਦਾ ਸਿਖ ਤੇ ਸੰਸਾਰ ਵਿਚ ਕੋਈ ਵਿਰਲਾ ਹੀ ਹੈ ਜਿਸਦੇ ਮਗਰ ਚਲਦੇ ਹਨ ॥

ਤੀਰਥ ਜਾਤ੍ਰਾ ਸਮੈ ਨ ਏਕ ਸੈ ਆਵਤ ਸਭੈ
ਕਾਹੂ ਸਾਧੂ ਪਾਛੈ ਪਾਪ ਸਭਨ ਕੇ ਜਾਤ ਹੈ ॥

ਤੀਰਥ ਦੀ ਯਾਤ੍ਰਾ ਵੇਲੇ ਸਾਰੇ ਆਦਮੀ ਇਕੋ ਜਿਹੇ ਨਹੀਂ ਆਂਦੇ ਕੋਈ ਇਕ ਮਹਾਤਮਾ ਵਿਚ ਅਜਿਹਾ ਔਂਦਾ ਹੈ ਜਿਸ ਕਰਕੇ ਸਾਰਿਆਂ ਪਾਪੀਆਂ ਦੇ ਪਾਪ ਦੂਰ ਹੋ ਜਾਂਦੇ ਹਨ ॥

ਜੈਸੇ ਨ੍ਰਿਪ ਸੈਨਾ ਸਮਸਰਿ ਨ ਸਕਲ ਹੋਤ
ਏਕ ਏਕ ਪਾਛੈ ਕਈ ਕੋਟ ਪਰੈ ਖਾਤ ਹੈ ॥

ਜਿਵੇਂ ਰਾਜੇ ਦੀ ਫੌਜ ਸਾਰੀ ਇਕੋ ਜਿਹੀ ਨਹੀਂ ਹੁੰਦੀ ਇਕ [illegible] ਦੇ ਪ੍ਰਤਾਪ ਨਾਲ [illegible] ਕਰੋੜਾਂ ਬੈਠੇ ਖਾਂਦੇ ਹਨ ॥

ਜੈਸੇ ਤੌ ਸਮੁੰਦ੍ਰ ਜਲ ਬਿਮਲ ਬੋਹਿਥ ਬਸੈ
ਏਕ ਏਕ ਪੈ ਅਨੇਕ ਪਾਰ ਪਰਹਰਾਤ ਹੈ ॥

ਜਿਕੁਰ ਸਮੁੰਦ੍ਰ ਦੇ (ਬਿਮਲ) ਨਿਰਮਲ ਪਾਣੀ ਵਿਚ ਇਕ ਕੀ [illegible] ਹੀ (ਬੋਹਿਥ) ਜਹਾਜ਼ ਅਜੇਹੇ ਹੁੰਦੇ ਹਨ ਪਰ ਪਾਰ ਕਰਨ ਵਾਲਾ ਇਕੋ ਹੀ ਹੁੰਦਾ [illegible]

ਤੈਸੇ ਗੁਰਸਿਖ ਸਾਖਾ ਅਨਿਕ ਸੰਸਾਰ ਦ੍ਵਾਰ
ਮਨਮੁਖ ਓਟ ਗਹੇ ਕੋਟ ਬਿਆਸਾਤ ਹੈ ॥੨੪੫॥

ਜਿਕੁਰ ਹੀ ਸੰਸਾਰ ਦੇ ਬੂਹੇ ਵਿਚ ਗੁਰ ਸਿਖਾਂ ਦੀਆਂ ਅਨੇਕ ਸਾਖਾਂ [illegible] ਤਮਲੇ, ਉਦਾਸੀ, ਸਿੰਘ ਸਭੀਏ, ਸਹਜਧਾਰੀ, ਨਿਹੰਗ, ਕੂਕੇ) ਹਨ [illegible] ਮਲੇ ਹੋਕੇ ਗ੍ਰਹਸਤ ਦਾ ਆਸ਼ਰਾ ਫੜਕੇ (ਕਮਾਈ ਕਰਕੇ ਕਰੋੜਾਂ ਵਿਚੋਂ [illegible] ਵਿਰਲਾ ਹੀ (ਵਰਸੰਦਾ) ਨਾਮਦਾਨ *ਦੇਕੇ ਜਗਤ ਨੂੰ ਪ੍ਰਸੰਨ ਕਰਦਾ ਹੈ ॥੨੪੫॥

ਜਿਕੁਰ ਵਾਹਿਗੁਰੂ ਅੰਦਰ ਹੀ ਹੈ ਪਰ ਗੁਰਾਂ ਦੇ ਉਪਦੇਸ਼ ਬਿਨਾਂ ਇਕੁ [illegible] ਨਹੀਂ ਜਾਣਿਆਂ ਜਾਂਦਾ ॥

ਭਾਜਨ ਕੈ ਜੈਸੇ ਕੋਊ ਦੀਪਕ ਦੁਰਾਇ ਰਾਖੈ
ਮੰਦਰ ਮੈ ਅਛਤ ਹੀ ਦੂਸਰੋ ਨ ਜਾਨਈ ॥

ਜਿਕੁਰ ਕੋਈ ਦੀਵੇ ਨੂੰ ਭਾਂਡੇ ਵਿਚ (ਦੁਰਾਇ) ਢਕਾ (ਰਾਖੈ) [illegible] ਤਿਸ ਦੀਵੇ ਨੂੰ ਘਰ ਵਿਚ (ਅਛਤ) ਹੁੰਦਿਆਂ ਹੀ ਦੂਜਾ ਕੋਈ ਨਹੀਂ ਜਾਣ [illegible] ਦਾ । ਅਤੇ ਨਾ ਹੀ ਦੀਵੇ ਬਿਨਾ ਕੁਝ ਲਭ ਸਕਦਾ ਹੈ ॥

ਲੈ ਪੈ ਰਖਵਾਰਾ ਪੁਨ ਪ੍ਰਗਟ ਪ੍ਰਕਾਸ ਕਰੈ
ਹਰੈ ਤਮ ਤਿਮਰ ਉਦੋਤ ਹੋਤਿ ਠਾਨਈ ॥

(ਤਮ) ਅੰਧੇਰਾ (ਤਿਮਰ) ਬਹੁਤ ਅੰਧੇਰਾ (ਉਦੋਤ) ਪ੍ਰਗਟ [illegible] ਦੀਵੇ ਨੂੰ ਲੁਕੋਣ ਵਾਲਾ ਜ਼ਾਹਿਰ ਕੱਢਕੇ ਚਾਨਣ ਕਰੇ ਤਾਂ ਦੀਵਾ [illegible] ਰੇ ਨੂੰ ਦੂਰ ਕਰਕੇ ਆਪਣੇ ਚਾਨਣ ਦੀ ਜੋਤ ਨੂੰ ਪ੍ਰਕਾਸ਼ [illegible] ॥

ਸਕਲ ਸਮਗ੍ਰੀ ਗ੍ਰਿਹ ਪੇਖੀਐ ਪ੍ਰਤਛ ਰੂਪ

---

* [illegible] ਵੇਖਿਆ ਜਾਂਦਾ ਹੈ ਕਿ [illegible] [illegible] ਬਾਹਰ [illegible] ਨੂੰ [illegible] [illegible] ਦਾ ਹਾਲ ਵੀ ਅਜੇਹਾ ਹੋਵੇਗਾ ਕਿ [illegible] [illegible] ॥

ਦੀਪਕ ਦਿਪੰਗ ਛਤਖਿਨ ਪਹਿਚਾਨਈ ॥

ਸਾਰੀ ਚੀਜ਼ ਵਸਤ (ਗ੍ਰਿਹ) ਘਰ ਵਿਚ (ਪ੍ਰਗਟ ਰੂਪ) ਸਾਰੀ ਪਈ (ਪੇਖੀਐ) ਦੇਖੀ ਦੀ ਹੈ ਅਤੇ ਦੀਵੇ ਨੂੰ ਜਗੌਣ ਵਾਲਾ (ਛਤਖਿਨ) ਛੇਤੀ ਨਾਲ (ਪਹਿਚਾਨਈ) ਜਾਣ ਲੈਂਦਾ ਹੈ ਕਿ ਇਹ ਫਲਾਣੀ ਚੀਜ਼ ਹੈ ॥

ਤੈਸੇ ਅਵਘਟ ਘਟ ਗੁਪਤ ਜੋਤੀ ਸਰੂਪ

ਗੁਰ ਉਪਦੇਸ਼ ਉਨਮਾਨੀ ਉਨਮਾਨਈ ॥ ੨੬੩ ॥

ਤਿਵੇਂ ਹੀ (ਅਵ ਘਟ ਘਟ) ਔਖੇ ਦਸੇ ਹਿਰਦੇ ਵਿਚ ਵਾਹਿਗੁਰੂ ਛਪਿਆ ਹੋਇਆ ਹੈ ਅਤੇ ਉਸ ਜੋਤੀ ਸਰੂਪ ਨੂੰ ਗੁਰਉਪਦੇਸ਼ ਦੇ (ਉਨਮਾਨੀ) ਵਿਚਾਰਨ ਵਾਲਾ (ਵਿਚਾਰ) ਲਭ ਲੈਂਦਾ ਹੈ ॥ ੨੬੩ ॥

ਗੁਰਉਪਦੇਸ਼ ਨੂੰ ਹਿਰਦੇ ਵਿਚ ਧਾਰਨ ਵਾਲੇ ਦਾ ਜਨਮ ਮਰਨ ਕਿਵੇਂ ਦੂਰ ਹੋ ਜਾਂਦਾ ਹੈ ਜਿਵੇਂ ਮੂਹਰੇ ਵਰਨਨ ਹੈ ॥

ਜੈਸੇ ਬ੍ਰਿਥਾਵੰਤ ਜੰਤ ਔਖਧਿ ਹਿਤਾਇ ਹਿਰਦੈ

ਬ੍ਰਿਥਾ ਬਲ ਬਿਮੁਖ ਹ੍ਵੈ ਸਹਜ ਨਿਵਾਸ ਹੈ ॥

ਜਿਵੇਂ ਪੀੜਾ ਵਾਲਾ ਆਦਮੀ ਹਿਰਦੇ ਕਰਕੇ ਦਵਾਈ ਵਿਚ ਪ੍ਰੇਮ ਕਰਦਾ ਹੈ ਤਾਂ ਉਸਦੀ ਪੀੜਾ ਦਾ ਜ਼ੋਰ (ਬਿਮੁਖ) ਹਟ ਜਾਂਦਾ ਹੈ ਅਤੇ ਸੁਖ ਵਿਚ ਸਰੀਰ ਉਸ ਦਾ ਟਿਕ ਜਾਂਦਾ ਹੈ ॥

ਜੈਸੇ ਆਨ ਧਾਤ ਮੈ ਤਨਕ ਹੀ ਕਲੰਕ ਡਾਰੈ

ਅਨਿਕ ਬਰਨ ਮੇਟ ਕਨਿਕ ਪ੍ਰਗਾਸ ਹੈ ॥

ਜਿਵੇਂ ਹੋਰ (ਪਿਤਲ ਜਿਸਤ ਆਦਿਕ) ਧਾਤੂਆਂ ਵਿਚ ਥੋੜੀ ਜੇਹੀ ਬੂਟੀ (ਖੋਟ ਨੂੰ ਦੂਰ ਕਰਨ ਵਾਲੀ) ਸੁਟ ਦਈਏ ਤਾਂ ਉਹ ਧਾਤੂਆਂ ਅਨੇਕਾਂ ਰੰਗਾਂ ਨੂੰ ਦੂਰ ਕਰਕੇ ਇਕ ਸੋਨੇ ਦਾ ਪ੍ਰਕਾਸ਼ ਕਰਦੀਆਂ ਹਨ ॥

ਜੈਸੇ ਕੋਟ ਭਾਰ ਕਰ ਕਾਸਟ ਇਕੱਤ੍ਰਤਾ ਮੈ

ਰੰਚਕ ਹੀ ਆਂਚ ਦੇਤ ਭਸਮ ਉਦਾਸ ਹੈ ॥

ਜਿਵੇਂ ਕਰੋੜਾਂ ਮਣ ਲਕੜ ਕੱਠੀ ਕਰਕੇ ਅਤੇ ਥੋੜੀ ਜਿਹੀ ਅੱਗ ਲਾ ਦਈਏ ਤਾਂ ਉਹ ਲਕੜੀਆਂ ਸੁਆਹ ਹੋਕੇ ਉਦਾਸ ਜਿਹੀਆਂ ਜਾਪਦੀਆਂ ਹਨ ॥

ਗੁਰ ਉਪਦੇਸ਼ ਉਰ ਅੰਤਰ ਪ੍ਰਵੇਸ਼ ਕਰੇ

ਜਨਮ ਮਰਨ ਦੁਖ ਦੋਖਨ ਬਿਨਾਸ ਹੈ ॥੩੬੪॥

ਇਕੂਰ ਹੀ ਗੁਰਾਂ ਦਾ ਉਪਦੇਸ਼ (ਉਹ) ਹਿਰਦੇ ਵਿਚ (ਪ੍ਰਵੇਸ਼) ਕਰਦਿਆਂ ਧਾਰਨ ਨਾਲ ਜਨਮ ਮਰਨ ਦਾ ਦੁਖ ਅਤੇ ਦੂਖਨ ਨਾਸ਼ ਹੋਜਾਂਦੇ ਹਨ ॥੩੬੪॥

ਪੰਜ ਕਾਮ ਆਦਕ ਇੱਕੁਰ ਨੱਸ ਜਾਂਦੇ ਹਨ ਜਿੱਕੁਰ ਮੂਹਰੇ ਵਰਨਨ ਕਰੇ।

ਜੈਸੇ ਅਨੀ ਬਾਨ ਕੀ ਰਹਤ ਟੂਟ ਦੇਹੀ ਬਿਖੈ

ਚੁੰਬਕ ਦਿਖਾਇ ਤਤਕਾਲ ਨਿਕਸਤ ਹੈ ॥

ਜਿੱਕੁਰ (ਜੰਗ ਵਿਚ) ਤੀਰ ਦੀ (ਅਨੀ) ਨੋਕ ਟੁਟ ਕੇ ਸਰੀਰ ਵਿਚ ਆ ਰਹਿੰਦੀ ਹੈ ਅਤੇ ਜਦ ਉਸਨੂੰ ਚੁੰਬਕ ਪੱਥਰ ਵਿਖਾਲੀਏ ਤਾਂ ਛੇਤੀ ਨਾਲ ਨਿਕਲ ਔਂਦੀ ਹੈ ।

ਜੈਸੇ ਜੋਕ ਤੋਂਬਰੀ ਲਗਾਈਅਤ ਰੋਗੀ ਤਨ

ਐਂਚ ਲੇਤ ਰੁਧਿਰ ਬਿਥਾ ਸ੍ਰਮ ਖਸਤ ਹੈ ॥

ਜਿੱਕੁਰ ਰੋਗੀ ਦੇ ਸਰੀਰ ਨੂੰ ਜੋਕਾਂ ਅਤੇ ਸਿੰਙੀਆਂ ਲਵਾਈਏ ਤਾਂ ਲਹੂ ਨੂੰ (ਖਿਚ) ਦੁਖ ਤੇ ਪੀੜਾ ਦੇ ਦੁਖ ਨੂੰ ਦੂਰ ਕਰਦੀਆਂ ਹਨ ॥

ਜੈਸੇ ਜੁਵਤਿਨ ਪ੍ਰਤਿ ਮਰਦਨ ਕਰੇ ਦਾਈ

ਗਰਭ ਸਥੰਭਨ ਹ੍ਵੈ ਪੀੜਾ ਨ ਗ੍ਰਸਤ ਹੈ ॥

(ਜੁਵਤਿਨ) ਇਸਤ੍ਰੀਆਂ ਦੇ ਤਾਈਂ ਦਾਈ ਮਲਨਾ ਕਰਦੀ ਹੈ ਤਾਂ ਗਰਭ (ਬਚਾ ਖੜੀ) ਆਪਣੀ ਜਗਾ ਖੜ ਜਾਂਦਾ ਹੈ ਅਤੇ ਪੀੜਾ (ਗਰਭ ਦੀ ਇਸਤ੍ਰੀ ਨੂੰ) ਨਹੀਂ ਗ੍ਰਸਦੀ॥

ਜੈਸੇ ਪਾਂਚੋ ਦੂਤ ਭੂਤ ਬਿਭ੍ਰਮ ਹ੍ਵੈ ਭਾਗ ਜਾਤ

ਸਤਿਗੁਰ ਮੰਤ ਜੰਤ ਰਸਨਾ ਰਸਤ ਹੈ ॥੩੬੫॥

ਤਿੱਕੁਰ ਹੀ ਇਨ੍ਹਾਂ ਜੀਵਾਂ ਦੇ ਦੁਖ ਦੇਣ ਵਾਲੇ ਪੰਜ ਦੁਰਜਨ ਵੈਰੀ ਭੂਤਨੇ (ਕਾਮਾਦੀ) ਡੌਰੂ ਹੋਕੇ ਭਜ ਜਾਂਦੇ ਹਨ ਜੇਹੜੇ ਆਦਮੀ ਗੁਰਾਂ ਦੇ ਸਤਿਨਾਮ ਮੰਤ੍ਰ ਦਾ ਜਾਪ ਪ੍ਰੇਮ ਕਰਕੇ ਜੀਭ ਨਾਲ ਜਪਦੇ ਹਨ ॥ ੩੬੫ ॥

ਉਪੋਕਤ ਗੁਰ ਸਿਖਾਂ ਚਾਹਨਵਾਨਾਂ ਦੇ ਮਗਰ ਇੱਕੁਰ ਜਗਤ ਲਗਦਾ ਹੈ ਜਿੱਕੁਰ ਮੂਹਰੇ ਵਰਨਨ ਹੈ ॥

ਜੈਸੇ ਤੌ ਸਫਲ ਬਨ ਬਿਖੈ ਬਿਰਖ ਬਿਬਿਧਿ

ਜਾਂਕੈ ਫਲ ਮੀਠੇ ਖਗ ਤਾਪੈ ਚਲ ਜਾਤ ਹੈ ॥

ਜਿਵੇਂ ਜੰਗਲ ਵਿਚ (ਬਿਬਿਧਿ) ਬਹੁਤ ਤਰਾਂ ਦੇ ਬਿਛ ਫਲਾਂ ਵਾਲੇ ਹੁੰਦੇ ਹਨ ਪਰ ਜਿਸ ਦਰਖਤ ਦਾ ਮਿਠਾ ਫਲ ਹੁੰਦਾ ਹੈ ਉਸਤੇ (ਖਗ) ਪੰਛੀ ਉਡਕੇ ਜਾਂਦੇ ਹਨ ॥

ਜੈਸੇ ਪਰਬਤ ਬਿਖੈ ਦੇਖੀਐ ਪਾਖਾਨ ਬਹੁ
ਜਾਮੈ ਹੀਰਾ ਖੋਜ ਤਾਂਹਿ ਖੋਜੀ ਲਲਚਾਤ ਹੈ ॥

ਜਿਵੇਂ ਪਹਾੜ ਵਿਚ ਬਹੁਤ (ਪਾਖਾਨ) ਪੱਥਰ ਵੇਖੀਦੇ ਹਨ ਪਰ ਜਿਸ (ਪੱਥਰ) ਵਿਚ ਹੀਰੇ ਦਾ ਖੋਜ ਮਿਲੇ ਉਥੇ (ਖੋਜੀ) ਖਾਨ ਪੁਟਣ ਵਾਲਾ ਲਲਚ ਜਾਂਦਾ ਹੈ (ਹੀਰਾ ਖੋਜ ਖੋਜੀ ਖਨਵਾਰਾ ਲਲਚਾਤ ਹੈ) ॥

ਜੈਸੇ ਤੌ ਜਲਧਿ ਮਧਿ ਜਲਚਰ ਅਨੰਤ ਜੰਤ
ਮੁਕਤਾ ਅਮੋਲ ਜਾਮੈ ਹੰਸ ਖੋਜ ਖਾਤ ਹੈ ॥

ਜਿਵੇਂ ਸਮੁੰਦ੍ਰ ਵਿਚ ਬਹੁਤੇ ਜੀਵ ਰਹਿੰਦੇ ਹਨ ਪਰ ਜਿਸ (ਤਾਲ ਯਾ ਸਰੋਵਰ) ਵਿਚ ਮੋਤੀ ਅਮੋਲਕ ਹੁੰਦੇ ਹਨ ਉਸੇ ਨੂੰ ਹੀ ਲਭਕੇ ਹੰਸ ਉਥੇ ਮੋਤੀ ਖਾਂਦੇ ਹਨ ॥

ਤੈਸੇ ਗੁਰ ਚਰਨ ਸਰਨ ਹੈ ਅਸੰਖ ਸਿਖ
ਜਾਮੈ ਗੁਰ ਗਿਆਨ ਤਾਂਹਿ ਲੋਕ ਲਪਟਾਤ ਹੈ ॥੯੬॥

ਤਿਵੇਂ ਹੀ ਗੁਰਾਂ ਦੀ ਚਰਨ ਸਰਨ (ਅਸੰਖ) ਅਣਗਿਣਤ ਸਿਖ ਹਨ ਪਰ ਜਿਸ ਵਿਚ ਗੁਰਾਂ ਦਾ ਗਿਆਨ ਹੈ ਉਸ ਦੇ ਚਰਨੀ ਲੋਕੀ ਪੈਂਦੇ ਹਨ॥੯੬॥

ਉਪ੍ਰੋਕਤ ਗੁਰਸਿਖ ਜਿਨਾਂ ਵਿਚ ਗੁਰਾਂ ਦਾ ਗਿਆਨ ਹੈ ਉਨਾਂ ਨੂੰ ਲੋਕੀ ਕਿਵੇਂ ਨਮਸਕਾਰ ਕਰਦੇ ਹਨ ਜਿਵੇਂ ਮੂਹਰੇ ਵਰਨਨ ਹੈ ॥

ਜੈਸੇ ਸਸਿ ਜੋਤ ਹੋਤ ਪੂਰਨ ਪ੍ਰਗਾਸ ਤਾਸ
ਚਿਤਵਤ ਚਕ੍ਰਿਤ ਚਕੋਰ ਧਿਆਨ ਧਾਰ ਹੀ ॥

ਜਿਵੇਂ ਚੰਦ ਦੀ ਜੋਤ ਦਾ ਬਹੁਤ ਚਾਨਣ ਹੁੰਦਾ ਹੈ ਸੋ ਤਿਸ ਚਾਨਣ ਨੂੰ ਵੇਖਕੇ ਅਤੇ ਹੈਰਾਨ ਹੋਕੇ ਚਕੋਰ ਉਸੇ ਚਾਨਣ ਦਾ ਧਿਆਨ ਧਾਰਦਾ ਹੈ ।

ਜੈਸੇ ਅੰਧਕਾਰ ਬਿਖੈ ਦੀਪਕ ਦਿਪਤ ਦੇਖ
ਅਨਿਕ ਪਤੰਗ ਓਤ ਪੋਤ ਹੈ ਗੁੰਜਾਰ ਹੀ ॥

ਜਿਕੁਰ ਅੰਧੇਰੇ ਵਿਚ (ਦੀਪਕ) ਦੀਵਾ (ਉਜਾਲਾ) ਜਗਦਾ ਵੇਖਕੇ ਆਣ ਕੇ ਪਤੰਗੇ ਆਪਣਾ ਆਪ (ਜੁਹਾਰ) ਅਰਪਣ ਕਰਕੇ ਸੜ ਜਾਂਦੇ ਹਨ (ਅਤੇ ਜਿਕੁਰ ਭਾਂਡਾ ਪੇਟ ਹੁੰਦਾ ਹੈ) ਉਸ ਦੀਵੇ ਨਾਲ ਮਿਲ ਜਾਂਦੇ ਹਨ।

ਜੈਸੇ ਮਿਸਟਾਨ ਪਾਨ ਜਾਨ ਕਾਜ ਭਾਜਨ ਮੈਂ
ਰਾਖਤ ਹੀ ਚੀਟੀ ਕੋਟਿ ਲੁਭਿਤ ਅਪਾਰ ਹੀ ॥

ਜਿਕੁਰ ਭਾਂਡੇ ਵਿਚ ਮਿਠਾ ਰਖਿਆ ਹੋਵੇ ਤਾਂ ਕਰੋੜਾਂ ਹੀ ਕੀੜੀਆਂ ਖਾਣ ਪੀਣ ਦੇ ਕੰਮ ਲਈ ਜਾਕੇ ਬਹੁਤ ਲੋਭੀਆਂ ਹਨ ॥

ਪਰਮ ਨਿਧਾਨ ਗੁਰ ਗਿਆਨ ਪਰਵਾਨ ਜਾ ਮੈ
ਸਕਲ ਸੰਸਾਰ ਤਾਸ ਚਰਨ ਜੁਹਾਰ ਹੀ ॥ ੪੬੭ ॥

ਇਕਰ ਹੀ ਜਿਸ ਸਿਖ ਵਿਚ ਗੁਰਾਂ ਦੇ ਗਿਆਨ ਦਾ ਖ਼ਜ਼ਾਨਾ (ਨਿਧਾਨ) ਭੰਡਾਰ ਪਰਵਾਣੀਕ ਹੈ (ਤਾਸ) ਤਿਸਦੇ ਚਰਨਾਂ ਨੂੰ ਸਾਰਾ ਸੰਸਾਰ (ਜੁਹਾਰ) ਨਮਸਕਾਰ ਕਰਦਾ ਹੈ ॥ ੪੬੭ ॥

ਗੁਰਾਂ ਦੇ ਸਿਖ ਤਾਂ ਬਹੁਤ ਕਹਾਉਂਦੇ ਹਨ ਪਰ ਜਦ ਗੁਰੂ ਸੋਨੇ ਵਾਂਗੂੰ ਅਗ ਵਿਚ ਤਾਕੇ ਵੇਖਣ ਲਗਣ ਤਾਂ ਕੋਈ ਸਿਖ ਇਕਠ ਵਿਰਲਾ ਹੀ ਨਿਕਲਦਾ ਹੈ ਜਿਕੁਰ ਮੂਹਰੇ ਵਰਨਨ ਹੈ॥

ਜੇਤੇ ਫੂਲ ਫੂਲੈ ਤੇਤੇ ਫਲ ਨਾਹਿ ਲਾਗੈ ਦ੍ਰੁਮ
ਲਾਗਤ ਜੇਤਕ ਪਰਪਕ ਨ ਸਕਲ ਹੈਂ ॥

ਜਿੰਨੇ ਕੁ ਫੁਲ ਫੁਲਦੇ ਹਨ ਓਨੇ (ਦ੍ਰੁਮ) ਦਰਖਤ ਨੂੰ ਫਲ ਨਹੀਂ ਲਗਦੇ ਅਤੇ ਜਿਤਨੇ ਕੁ ਫਲ ਲਗਦੇ ਹਨ ਓਨੇ ਕੁ ਸਾਰੇ ਪਕਦੇ ਨਹੀਂ॥

ਜੇਤੇ ਸੁਤ ਜਨਮਤ ਜੀਅਤ ਨ ਰਹੈਂ ਤੇਤੇ
ਜੀਅਤ ਹੈ ਜੇਤੇ ਤੇਤੇ ਕੁਲ ਨ ਕਮਲ ਹੈ ॥

ਜਿੰਨੇ ਕੁ ਪੁਤ੍ਰ ਜਨਮਦੇ ਹਨ ਓਨੇ ਕੁ ਜੀਉਂਦੇ ਨਹੀਂ ਰਹਿੰਦੇ ਅਤੇ ਜਿੰਨੇ ਕੁ ਜੀਉਂਦੇ ਰਹਿੰਦੇ ਹਨ ਓਨੇ ਕੁ ਸਾਰੇ ਕੁਲ ਦੇ (ਕਮਲ) ਫੁਲ ਨਹੀਂ ਹੁੰਦੇ (ਭਿਆ ਲਾਇਕ)॥

ਦਲ ਮਿਲ ਜਾਤ ਜੇਤੇ ਸੁਭਟ ਨ ਹੋਹਿ ਤੇਤੇ
ਜੇਤਕ ਸੁਭਟ ਜੂਝ ਮਰਤ ਨ ਬਲ ਹੈ ॥

ਜਿੰਨੇ ਕੁ (ਸੁਭਟ) ਸੂਰਮੇ ਦਲ ਵਿਚ ਰਹਿੰਦੇ ਹਨ ਓਨੇ ਕੁ ਸਾਰੇ ਸੂਰਮੇ

ਹੋ ਨਹੀਂ ਹੁੰਦੇ ਅਤੇ ਜਿਵੇਂ ਸੂਰਮੇ ਹੁੰਦੇ ਹਨ ਓਹ ਸਾਰੇ (ਖੜਗ) ਸ਼ਸਤ੍ਰ ਵਿਚ (ਜੁਧ) ਲੜਾਈ ਨਹੀਂ ਕਰਦੇ ॥

ਆਰਸੀ ਜੁਗਤਿ ਗੁਰ ਸਿਖ ਸਭ ਹੀ ਕਹਾਵੈ

ਪਾਵਕ ਪ੍ਰਗਾਸ ਭਏ ਵਿਰਲੇ ਅਚੱਲ ਹੈਂ ॥੩੬੮॥

(ਆਰਸੀ) ਸ਼ੀਸ਼ੇ ਵਾਕੁਰ ਅਨੇਕਾਂ ਹੀ ਸਿਖ ਗੁਰਾਂ ਦੇ ਕਹਾਉਂਦੇ ਹਨ ਪਰ (ਪਾਵਕ) ਅਗਨੀ ਦੇ ਬਲਣ ਨਾਲ ਸ਼ੀਸ਼ਾ ਕੋਈ ਵਿਰਲਾ ਹੀ ਇਸਥਿਤ ਰਹਿੰਦਾ ਹੈ ਇਕਰ ਹੀ ਜਦ ਗੁਰ ਪਰਖਨ ਲਗਦੇ ਹਨ ਤਾਂ ਕੋਈ ਸਿਖ ਗੁਰਾਂ ਅਗੇ ਵਿਰਲਾ ਹੀ ਠਹਿਰਦਾ ਹੈ ॥ ੩੬੮ ॥

ਜੇਕਰ ਸਿਖ ਇਸਤ੍ਰੀ ਸੋਨੇ ਆਦਕ ਪਦਾਰਥਾਂ ਵਿਚ ਲਗਣ ਤਾਂ ਗੁਰੂ ਜੀ ਇਕੁਰ ਸਦ ਚਿੰਤਾ ਕਰਦੇ ਹਨ ਜਿਕੁਰ ਪੁਰਸ਼ ਵਰਨਨ ਹੈ ॥

ਜੈਸੇ ਅ ਹ ਅਗਨਿ ਕੌ ਬਾਲਕ ਬਿਲੋਕ ਧਾਵੈ

ਗਹਿ ਗਹਿ ਰਾਖੈ ਮਾਤਾ ਸੁਤ ਬਿਲਲਾਤ ਹੈ ॥

ਜਿਕੁਰ ਸਪ ਤੇ ਅੱਗ ਨੂੰ ਵੇਖਕੇ ਅੰਞਾਣਾ ਮਗਰ ਨਸਦਾ ਹੈ ਤੇ ਮਾਂ ਫੜ ਫੜ ਕੇ ਰਖਦੀ ਹੈ ਅਤੇ ਪੁਤ੍ਰ ਰੋਂਦਾ ਹੈ ।

ਤ੍ਰਿਖਾਵੰਤ ਜੈਤ ਜੈਸੇ ਚਾਹਤ ਅਖਾਦਿ ਖਾਦਿ

ਜਤਨ ਕੈ ਬੈਦ ਜੁਗਵਤ ਨ ਸੁਹਾਤ ਹੈ ॥

(ਤ੍ਰਿਖਾਵੰਤ) ਪੀੜਾ ਵਾਲਾ ਆਦਮੀ ਜਿਕੁਰ ਮਾੜੇ ਖਾਣੇ ਨੂੰ ਖਾਣਾ ਚਾਹੁੰਦਾ ਹੈ ਪਰ ਹਕੀਮ ਯਤਨ ਕਰਕੇ ਰਖਿਆ ਕਰਦਾ ਹੈ ਭਾਵੇਂ ਓਹ (ਜੁਗਵਤ) ਜੁਗਤੀ ਨਾਲ ਰਖਿਆ ਕੀਤੀ ਹੋਈ ਰੋਗੀ ਨੂੰ ਨਹੀਂ ਚੰਗੀ ਲਗਦੀ ॥

ਜੈਸੇ ਪੰਥਾ ਪੰਥ ਨਾਹਿ ਬੂਝਤ ਬਿਬੇਕ ਅੰਧ

ਕਰ ਗਹੇ ਅਟਪਟੀ ਚਾਲ ਚਲਤ ਜਾਤ ਹੈ ॥

ਜਿਕੁਰ ਅੰਨ੍ਹਾ ਰੋਗੇ ਮਾੜੇ ਰਸਤੇ ਨੂੰ ਵਿਚਾਰਕੇ ਨਹੀਂ ਪੁਛਦਾ ਅਤੇ ਜੇ ਹਥ ਭੀ ਫੜੀਏ ਤਾਂ ਵੀ ਵਿੰਗੀ ਚਾਲ ਚਲਿਆ ਜਾਂਦਾ ਹੈ ॥

ਕਾਮਨਾ ਕਰਤ ਤੈਸੇ ਕਨਿਕ ਔ ਕਾਮਨੀ ਕੀ

ਰਾਖੈ ਨਿਰਲੇਪ ਗੁਰਸਿਖ ਅਕੁਲਾਤ ਹੈ ॥੩੬੯॥

ਜਿਕਰ ਹੀ ਗੁਰੂ ਜਾਂ ਸਿਖ ਇਸਤ੍ਰੀ ਅਤੇ ਸੋਨੇ ਦੀ ਇਛਾ ਕਰਦਾ ਹੈ ਪਰ ਗੁਰੂ (ਨਿਰਲੇਪ) ਇਨ੍ਹਾਂ ਦੇ ਪੋਹ (ਦੁਖ) ਤੋਂ ਸਿਖਾਂ ਨੂੰ ਰਖੀਏ ਪਰ

ਤਾਂ ਵੀ ਸਿਖ ਸਭ ਗੁਰੂ ਪਾਸੋਂ ਫਾਇਦਾ ਹੀ ਲੈਂਦਾ ਹੈ ॥ (ਗਮਕ੍ਰਿਤ ਛੁਆਂਟ ਵਾਲੀ ੧੧੪ ਪੰਨੇ ਤੋਂ ਜਗਾ ਸਿੱਖ ਦਾ ਪ੍ਰਸੰਗ ਵੇਖ) ॥ ੩੬੯ ॥

ਇਸ ਧਰਤੀ ਉਤੇ ਬ੍ਰਿਛ ਵਾਙੂ ਸਾਰਿਆਂ ਨੂੰ ਫਲਦਾਇਕ ਸਮਦਰਸੀ ਸਤਗੁਰੂ ਹਨ, ਪਰ ਲਾਭ ਨੁਕਸਾਨ ਇਕੁਰ ਸਿਖਾਂ ਨੂੰ ਮਿਲਦਾ ਹੈ ਜਿਕੁਰ ਮੁਹਰੇ ਵਰਨਨ ਹੈ ॥

ਜੈਸੇ ਮਾਤ ਪਿਤਾ ਹੈ ਅਨਿਕ ਉਪਜਾਤ ਸੁਤ
ਪੂੰਜੀ ਦੈ ਦੈ ਬਨਜ ਬੇਉਹਾਰਹਿ ਮੈ ਲਾਵਹੀ ।

ਜਿਕੁਰ ਮਾਂ ਪਿਓ ਬਹੁਤ ਪੁਤ੍ਰ ਪੈਦਾ ਕਰਦੇ ਹਨ ਅਤੇ (ਪੂੰਜੀ) ਸੋਦੇ ਦੀ ਰਾਸ ਦੇਕੇ ਸੌਦਾ ਖਰੀਦਨ ਵਿਚ ਸਾਰਿਆਂ ਨੂੰ ਲਾਂਦੇ ਹਨ ॥

ਕਿਰਤ ਬਿਰਤ ਕਰ ਕੋਊ ਮੂਲ ਖੋਵੈ ਰੋਵੈ
ਕੋਊ ਲਾਭ ਲਭਤ ਕੈ ਚੌਗੁਨੋ ਬਢਾਵਹੀ ।

ਕੋਈ ਤਾਂ ਕਿਰਤ ਦੀ (ਬਿਰਤ) ਉਪਜੀਵਕਾ (ਰੋਜ਼ੀ) ਦੇ (ਮੂਲ) ਮੁਢ (ਰਾਸ) ਨੂੰ ਖੋ ਬਹਿੰਦਾ ਹੈ ਅਤੇ ਰੋਂਦਾ ਹੀ ਅਤੇ ਕੋਈ ਖਟੀ ਖਟਕੇ ਮੂਲ (ਪੂੰਜੀ ਦੇ ਪੈਸੇ) ਨੂੰ ਦੂਣਾਂ ਚੌਣਾਂ ਵਧੌਂਦਾ ਹੈ ॥

ਜੈਸੇ ਜੈਸੇ ਜੋਈ ਕੁਲਾ ਧਰਮ ਹੈ ਕ੍ਰਮ ਕਰੈ
ਤੈਸੇ ਤੈਸੇ ਜਸ ਅਪਜਸ ਪ੍ਰਗਟਾਵਈ ।

ਜਿਹਾ ਜਿਹਾ ਕਿਸੇ ਦੀ ਕੁਲ ਦਾ ਧਰਮ ਹੈ ਓਹੋ ਜਿਹਾ ਕੰਮ ਕਰਦੇ ਹਨ ਅਤੇ ਤਿਹੋ ਜਿਹਾ ਕੰਮ ਦੇ ਅਨੁਸਾਰ ਜਸ ਅਪਜਸ (ਨਿੰਦਾ) ਪ੍ਰਗਟ ਕਰ ਲੈਂਦੇ ਹਨ ॥

ਤੈਸੇ ਸਤਿਗੁਰ ਸਮ ਦਰਸੀ ਪੁਹਪ ਗਤਿ
ਸਿਖ ਸਾਖਾ ਬਿਬਿਧ ਬਿਰਖ ਫਲ ਪਾਵਹੀ ॥੩੭੦॥

(ਪੁਹਪ) ਫੁਲ। ਤਿਕੁਰ ਹੀ ਸਮਾਨ ਦ੍ਰਿਸ਼ਟੀਵਾਲੇ ਸਤਗੁਰੂ ਬ੍ਰਿਛ ਵਾਙੂ ਹਨ ਅਤੇ ਸਿਖ ਟਾਹਣੀਆਂ, ਪਤਿਆਂ, ਫਲਾਂ, ਫੁਲਾਂ ਵਤ ਬਹੁਤ ਤਰਾਂ ਦੇ ਹਨ (ਜਿਹਾ ਜਿਹਾ ਫਲ ਚਾਹੇ ਤਿਹਾ ਤਿਹਾ ਸਿਖ ਪੌਂਦਾ ਹੈ ਪਰ ਅਗੋਂ ਆਪਣਾ ਆਪਣਾ ਆਪਣੇ ਅਨੁਸਾਰ ਰਹਿਆ) ॥ ੩੭੦ ॥

ਗੁਰਾਂ ਦਾ ਸਿਖ ਭਾਵੇਂ ਕੋਈ ਨਵਾਂ ਹੋਵੇ ਭਾਵੇਂ ਪੁਰਾਣਾ ਪਰ ਜਿਸ ਉਪਰ ਗੁਰਾਂ ਦੀ ਕਿਰਪਾ ਦ੍ਰਿਸ਼ਟੀ ਹੋਈ ਹੈ ਓਹ ਇਕੁਰ ਦੇ ਹਨ ਜਿਕੁਰ ਮੁਹਰੇ ਵਰਨਨ ਹੈ ॥

ਜੈਸੇ ਨਰਪਤਿ ਬਹੁ ਬਨਿਤਾ ਬਿਵਾਹ ਕਰੈ
ਜਾਕੇ ਜਨਮਤ ਸੁਤ ਵਾਹੀ ਗ੍ਰਿਹਰਾਜ ਹੈ ॥

(ਨਰਪਤਿ) ਰਾਜਾ (ਬਨਿਤਾ) ਇਸਤ੍ਰੀ (ਗ੍ਰਿਹ) ਘਰ। ਜਿੱਕੁਰ ਰਾਜਾ ਬਹੁਤ ਸਾਰੀਆਂ ਇਸਤ੍ਰੀਆਂ ਵਿਆਹੁੰਦਾ ਹੈ ਪਰ ਜਿਸ ਦੇ ਘਰ ਪੁਤ੍ਰ ਜੰਮਦਾ ਹੈ ਉਸ ਦੇ ਘਰ ਦਾ ਰਾਜ ਹੁੰਦਾ ਹੈ ॥

ਜੈਸੇ ਦਧਿ ਮਧਿ ਬਹੂੰ ਓਰ ਤੈਂ ਬੋਹਥ ਚਲੈ
ਜੋਈ ਪਾਰ ਪਹੁੰਚੇ ਪੂਰਨ ਸੁਭ ਕਾਜ ਹੈ ॥

(ਦਧਿ) ਦੁਧ ਦਾ ਸਮੁੰਦ੍ਰ (ਬੋਹਥ) ਜਹਾਜ। ਜਿੱਕੁਰ ਸਮੁੰਦ੍ਰ ਵਿਚ ਚਹੁੰ ਕੰਨਿਆਂ ਤੇ ਜਹਾਜ ਚਲਦੇ ਹਨ ਪਰ ਜੇਹੜਾ ਪਾਰ ਹੋ ਜਾਵੇ ਉਸ ਦੇ ਸਾਰੇ ਕੰਮ ਪੂਰੇ ਹੋ ਜਾਂਦੇ ਹਨ ਜਹਾਜ਼ ਵਾਲਿਆਂ ਨੂੰ ਵੀ ਅਨੰਦ ਤੇ ਚੜ੍ਹਾਊਆਂ ਨੂੰ ਵੀ ॥

ਜੈਸੇ ਖਾਨ ਖਨਤ ਅਨੰਤ ਖਨਵਾਰਾ ਖੋਜੀ
ਹੀਰਾ ਹਾਥ ਚੜੈ ਜਾਕੈ ਤਾਕੈ ਬਾਜ ਬਾਜ ਹੈ ॥

ਜਿੱਕੁਰ (ਅਨੰਤ) ਬਹੁਤ ਸਾਰੇ (ਖਨਵਾਰਾ) ਖਾਣਾਂ ਨੂੰ ਪੁਟਣ ਵਾਲੇ ਖਾਣਾਂ (ਖੋਜਿ) ਲਭ ਕੇ (ਖਨਤ) ਖੋਦਦੇ ਹਨ, ਪਰ ਜਿਸਦੇ ਹੱਥ ਵਿਚ ਹੀਰਾ ਲਭ ਕੇ ਚੜ੍ਹ ਜਾਏ ਉਸਦੇ ਘਰ (ਬਾਜ ਬਾਜ) ਵਾਜੇ ਵਜਦੇ ਹਨ ॥

ਤੈਸੇ ਗੁਰ ਸਿਖ ਨਵਤਨ ਔ ਪੁਰਾਤਨ ਹੈਂ
ਜਿਨ ਪਰ ਕਟਾਛ ਕ੍ਰਿਪਾ ਕੈ ਛਬਿ ਛਾਜਹੈ॥੨੧੯

ਤਿੱਕੁਰ ਹੀ ਗੁਰਾਂ ਦੇ ਸਿਖ ਨਵੇਂ ਤੇ ਪੁਰਾਣੇ ਭਾਵੇਂ ਬਹੁਤ ਹੀ ਹਨ ਪਰ ਜਿਨ੍ਹਾਂ ਉਪਰ ਗੁਰੂ ਮੇਹਰ ਦੀ ਨਜ਼ਰ ਕਰਦੇ ਹਨ ਓਨ੍ਹਾਂ ਉਤੇ ਹੀ ਸੋਭਾ ਸੋਹੰਦੀ ਹੈ ॥ ੨੧੯ ॥

ਮੁਹਰਲੇ ਕਬਿਤ ਦਾ ਭਾਈਸਾਹਿਬ ਜੀ ਨੇ ਇਹ ਭਾਵ ਵਰਨਨ ਕਰਨਾ ਹੈ ਕਿ ਉਤਮ ਆਦਮੀ ਵਡਿਆਈ ਨੂੰ ਪਾ ਕਰ ਸਮਾਈ ਕਰਦੇ ਹਨ ਅਤੇ ਹੋਛ ਆਦਮੀ ਥੋੜੀ ਜਿਹੀ ਵਿਦਯਾ ਪਾਕਰ ਵਡਿਆਈ ਮਿਲਣ ਨਾਲ ਆਪ ਹੀ ਮੂਰਖਾਂ ਨੂੰ ਛਲਕੇ ਹੋਛਾਪਣ ਪ੍ਰਗਟ ਕਰਦੇ ਹਨ ॥

ਬੂੰਦ ਬੂੰਦ ਬਰਖ ਪਨਾਲੇ ਬਹਿ ਚਾਲੈ ਜਲ
ਬਾਹਰ ਉਮਗ ਬਹਿ ਬੀਥੀ ਬੀਥੀ ਆਇਹੈ ॥

ਜਿੱਕੁਰ ਕਣੀ ਕਣੀ ਬਰਸਨ ਨਾਲ ਪਰਨਾਲੇ ਪਾਣੀ ਦੇ (ਚਲਿ) ਵਗ

ਭਰਦੇ ਹਨ ਅਤੇ (ਚੌਥੀ ੨) ਆਲੇ ਦੇ ਫਿਰ ਆਣੇ ਵਿਚ (ਫਿਰਕੇ) ਉਥਲ ਕੇ (ਬਾਹੋ) ਤੁਰ ਜਾਂਦਾ ਹੈ ॥

ਤਾਂਤੇ ਨੈਰਾ ਨੈਰਾ ਭਰ ਚਲਤ ਚਤਰ ਕੂੰਟ

ਸਰਿਤਾ ਸਰਿਤ ਪਤਿ ਮਿਲਤ ਹੈ ਜਾਇਕੈ ॥

(ਨੈਰਾ ੨) ਨਾਲਾ ਕੇ (ਸਰਿਤਾ) ਨਦੀ। ਫਿਰ ਨਾਲ ਨਾਲੇ ਭਰਕੇ ਚੌਹੀਂ ਪਾਸੀਂ ਉਹੋ ਪਾਣੀ ਭੌਂਦਾ ਹੈ ਅਤੇ ਨਦੀ ਨੂੰ ਮਿਲਕੇ ਸਮੁੰਦ੍ਰ ਵਿਚ ਜਾ ਪੈਂਦਾ ਹੈ (ਅਥਵਾ ਨਦੀਆਂ ਨਦੀਆਂ ਰਾਹੀਂ ਮਿਲਦਾ ਹੈ)

ਸਰਿਤਾ ਸਕਲ ਜਲ ਪ੍ਰਬਲ ਪ੍ਰਵਾਹਿ ਚਲ

ਸੰਗਮ ਸਮੁੰਦ੍ਰ ਹੋਤ ਸਮਤ ਸਮਾਇਕੈ ॥

ਸਾਰੀਆਂ (ਸਰਿਤਾ) ਨਦੀਆਂ ਦਾ ਪਾਣੀ (ਪ੍ਰਬਲ) ਤੇਜ਼ੁ ਵਹਿਣ ਵਰਗੇ ਅਤੇ ਸਮੁੰਦ੍ਰ ਦਾ (ਸੰਗਮ) ਸਾਥੀ ਹੋਕੇ (ਸਮਤ) ਬਰਾਬਰ ਵਿਚ (ਲੀਨ) ਮਿਲ ਜਾਂਦਾ ਹੈ। ਜਿਉ ਜਲ ਮੈ ਜਲ ਪੈਸਿ ਨ ਨਿਕਸੈ (ਕਬੀਰਜੀ)

ਐਸੀ ਐ ਸਮਾਈ ਜਾਮੈ ਮਹਿਮਾ ਬਡਾਈ ਤੈਸੀ

ਓਛੌ ਔ ਗੰਭੀਰ ਧੀਰ ਬੂਝੀਐ ਬੁਲਾਇਕੈ ॥ ੪੭੨ ॥

ਜਿਤਨੀ ਹੀ ਜਿਤਨੀ ਦੀ ਜਿਸ ਵਿਚ ਸਮਾਈ ਹੁੰਦੀ ਹੈ ਉਤਨੀ ਉਸ ਦੀ ਹੀ ਮਹਿਮਾ ਵਡਿਆਈ ਹੁੰਦੀ ਹੈ ਹੋਛਾ (ਮਨਮੁਖ) ਅਤੇ (ਗੰਭੀਰ) ਡੂੰਘਾ ਮਸਤ ਰਹਿਣ ਵਾਲਾ ਧੀਰਜੀ (ਗੁਰਮੁਖ) ਹੈ ਦੋਹਾਂ ਨੂੰ ਬੁਲਾਕੇ ਪੁਛ ਲਵੇ ਬੋਲਣ ਤੋਂ ਹੀ ਪਛਾਣੇ ਜਾਣਗੇ ॥

(ਗੁਲਿਸਤਾਂ ਹਕਾਯਤ ੨ ਬਾਬ ੧ ਕਿਤੇਅ) ਤਾ ਮਰਦ ਸੁਖਨ ਨ ਗੁਫਤਹ ਬਾਸ਼ਦ। ਐਬੋ ਹੁਨਰਸ਼ ਨਿਹੁਫਤਹ ਬਾਸ਼ਦ। ਹਰ ਬੇਸ਼ਹ ਗੁਮਾਨ ਮਬਰ ਕਿ ਖ਼ਾਲੀਸਤ। ਸ਼ਾਯਦ ਕਿ ਪਲੰਗ ਖੁਫਤਹ ਬਾਸ਼ਦ ॥੪੭੨॥

ਗੁਰਾਂ ਦੇ ਸਚਿਆਂ ਬਚਨਾਂ ਦਾ ਸਿਖਾਂ ਨੂੰ ਇਸ ਲੋਕ ਤੇ ਪਤਾ ਨਹੀਂ ਹੁੰਦਾ ਅਤੇ ਵਾਹਿਗੁਰੂ ਦੇ ਪ੍ਰਿੰਥ ਜਾਕੇ ਕਿਤਨਾ ਕਦਰ ਪੈਂਦਾ ਹੈ ਜਿਤਨਾ ਸੁਖਦੇ ਦਰਸ਼ਨ ਹੈ ॥

ਜੈਸੇ ਹੀਰਾ ਹਾਥ ਮੈਂ ਸੋ ਤਨਕ ਦਿਖਾਈ ਦੇਤ

ਮੋਲ ਕੀਏ ਦਾਮਨ ਤੈ ਭਰਤ ਭੰਡਾਰ ਜੀ ।

ਜਿਵੇਂ ਹਥ ਵਿਚ ਫੜਿਆ ਹੋਇਆ ਹੀਰਾ (ਤਨਕ) ਛੋਟਾ (ਹਲਕਾ) ਜਿਹਾ ਨਜ਼ਰ ਔਂਦਾ ਹੈ ਪਰ ਮੁਲ ਕਰਨ ਨਾਲ ਦਮੜੀਆਂ ਕਰਕੇ ਖ਼ਜ਼ਾ...

ਜੈਸੇ ਬਰ ਬਾਂਧੇ ਹੁੰਡੀ ਲਾਗਤ ਨ ਡਾਂਡ ਬਾਟ
ਆਗੈ ਜਾਇ ਪਾਈਅਤ ਲਛਮਿ ਅਪਾਰ ਜੀ ।

ਜਿਵੇਂ (ਜਰ) ਬੰਧਿ (ਬੰਨ੍ਹ ਕੇ) ਦੇਣ ਨਾਲ ਹੁੰਡੀ ਦਾ ਭਾਰ ਕੁਝ ਨਹੀਂ ਲਗਦਾ ਅਤੇ ਅਗੇ ਜਾਕੇ (ਜਿਥੇ ਰੁਪਯਾ ਲੈਣਾ ਹੋਵੇ) ਬਹੁਤ (ਲਛਮੀ) ਦੌਲਤ ਪਾਈਦੀ ਹੈ ॥

ਜੈਸੇ ਬਟ ਬੀਜ ਅਤਿ ਸੂਖਮ ਸਰੂਪ ਹੋਤ
ਬੋਏ ਸੈਂ ਬਿਬਿਧ ਕਰੈ ਬਿਰਖ ਬਿਥਾਰ ਜੀ ।

ਜਿਵੇਂ (ਬਟ) ਬੋਹੜ ਦਾ ਬੀਜ ਬਹੁਤ ਹੀ ਨਿਕੇ ਜਿਹੇ ਆਕਾਰ ਵਾਲਾ ਹੁੰਦਾ ਹੈ ਅਤੇ (ਬੋਇ) ਬੀਜਣ ਨਾਲ ਨਾਨਾ ਤਰਾਂ ਦੇ ਬੂਟੇ ਦਾ (ਬਿਥਾਰ) ਫੈਲਾਉ ਕਰਦਾ ਹੈ ॥

ਤੈਸੇ ਗੁਰ ਬਚਨ ਸਚਨ ਗੁਰ ਸਿਖਨ ਮੈ
ਜਾਨੀਐ ਮਹਾਤਮ ਗਏ ਹੀ ਹਰਿ ਦੁਆਰ ਜੀ ॥੧੨੩॥

ਤਿਵੇਂ ਹੀ ਗੁਰਾਂ ਦੇ ਸਿਖਾਂ ਵਿਚ ਗੁਰਾਂ ਦੇ ਸਚਿਆਂ ਬਾਕਾਂ ਦਾ (ਮਹਾਤਮ) ਕਦਰ (ਫਲ) (ਹਰਿ ਦੁਆਰ) ਵਾਹਿਗੁਰੂ ਦੇ ਬੂਹੇ ਗਿਆਂ ਹੋਇਆਂ ਜਾਣੀਦਾ ਹੈ ॥ ੧੨੩ ॥

ਹੁਣ ਜਿਸ ਹੀ ਸਚਨ ਨੂੰ ਵਾਹਿਗੁਰੂ ਵਿਚ ਅਭੇਦ ਹੋਕੇ ਸਿਖ ਕਦਰ ਕਿਵੇਂ ਜਾਣਦੇ ਹਨ ਇਸ ਕਰ ਮੁਹਰੇ ਵਰਨਨ ਹੈ ॥

ਜੈਸੇ ਮਧ ਪੀਅਤ ਨ ਜਾਨੀਐ ਮਰਮ ਤਾਂਕੋ
ਪਾਛੈ ਮਤਵਾਰੋ ਹੋਇ ਹਕੈ ਛਕ ਜਾਤ ਹੈ ।

ਜਿਵੇਂ ਸ਼ਰਾਬ ਨੂੰ ਪੀਣ ਲਗਿਆਂ ਕੋਈ ਉਸਦੀ ਕਦਰ ਨ ਜਾਣੇ ਅਤੇ ਜਦ ਪੀ ਚੁਕਦਾ ਹੈ ਤਾਂ ਮਸਤੀ ਦਾ ਬੜਾ ਅਨੰਦ ਔਂਦਾ ਹੈ ਭਾਵ ਹੋਰ ਪੀਣ ਰਹਿ ਜਾਂਦਾ ਹੈ ਸਿਆਣੇ ਦਾ ਕਿਹਾ ਔਲੇ ਦਾ ਖਾਧਾ ਪਿਛੋਂ ਸੁਆਦ ਔਂਦਾ ਹੈ

ਜੈਸੇ ਨਾਰਿ ਭੇਟਤ ਭਤਾਰ ਕੋ ਨ ਭੇਦ ਜਾਨੈ
ਉਦਰਿ ਅਧਾਨ ਆਨ ਚਿਹਨ ਦਿਖਾਤ ਹੈ ।

ਜਿਵੇਂ ਇਸਤ੍ਰੀ ਪਤੀ ਨੂੰ ਮਿਲਣ ਲਗੀ ਭੇਦ ਨਹੀਂ ਜਾਣਦੀ ਅਤੇ ਪਿਛੋਂ ਪੇਟ ਵਿਚ ਗਰਭ ਹੋਣੇ ਨਿਸ਼ਾਨ ਆ ਦਿਖਾਂਵਦਾ ਹੈ ॥

ਕਰ ਪਰ ਮਾਨਕ ਨ ਲਾਗਤ ਹੈ ਭਾਰੀ ਤੋਲ
ਮੋਲ ਸੰਖਯਾ ਦਾਮਨ ਕੇ ਹੇਰਤ ਹਿਰਾਤ ਹੈ।

ਜਿਵੇਂ (ਕਰ) ਹਥ ਉਤੇ ਹੀਰਾ ਲਿਆਂ ਹੋਇਆਂ ਵਜ਼ਨ ਭਾਰਾ ਨਹੀਂ ਜਾਪਦਾ ਅਤੇ ਜਦ ਉਸ ਦਾ ਮੁਲ ਅਤੇ (ਸੰਖਯਾ) ਗਿਣਤੀ (ਦਾਮਨ) ਰੁਪਈਆਂ ਦੀ (ਹੇਰਤ) ਵਖਾਏ ਤਾਂ (ਹਿਰਾਤ) ਹੈਰਾਨ ਹੁੰਦਾ ਜਾਈਦਾ ਹੈ।

ਤੈਸੇ ਗੁਰ ਅੰਮ੍ਰਿਤ ਬਚਨ ਸੁਨ ਮਾਨੈ ਸਿਖ
ਮਹਿਮਾ ਜੌ ਜਾਨੈ ਸੁਖ ਸਾਗਰ ਸਮਾਤ ਹੈ॥ ੨੭੪॥

ਤਿਵੇਂ ਹੀ ਸਿਖ ਗੁਰਾਂ ਦੇ ਅੰਮ੍ਰਿਤ ਵਰਗੇ ਬਚਨਾਂ ਨੂੰ ਜਦ ਸੁਣਕੇ ਮੰਨਦਾ ਹੈ ਅਤੇ ਜਦ ਮਹਿਮਾ ਜਾਣਦਾ ਹੈ ਅਤੇ (ਸੁਖ ਸਾਗਰ) ਸੁਖਾਂ ਦੇ ਸਮੁੰਦ੍ਰ ਵਾਹਿਗੁਰੂ ਵਿਚ ਸਮੌਂਦਾ ਹੈ॥ ੨੭੪॥

ਛੇ ਦਰਸ਼ਨ ਜੋਗੀ ਜੰਗਮ ਆਦਕ ਅਤੇ ਚਾਰ ਆਸ਼੍ਰਮ ਬਾਲ ਪਰਸਤ ਸੰਨਿਆਸ ਆਦਕ ਇਕ ਗ੍ਰਿਹਸਤ ਆਸ਼੍ਰਮ ਵਿਚ ਦੀਆਂ ਵਿਭੂਤੀਆਂ ਹਨ ਜਿਵੇਂ ਮੁਹਰੇ ਵਰਨਨ ਹੈ॥

ਜੈਸੇ ਮੱਛ, ਕੱਛ, ਬਗ, ਹੰਸ, ਮੁਕਤਾ, ਪਖਾਨ,
ਅੰਮ੍ਰਿਤ, ਬਿਖੁ ਪ੍ਰਗਾਸ ਉਦਧਿ ਮੈ ਜਾਨੀਐ।

ਜਿਵੇਂ ੧ ਮੱਛ ੨ ਕੱਛੂ ੩ ਬਗਲੇ ੪ ਹੰਸ ੫ ਮੋਤੀ ੬ ਪਥਰ ੭ ਅੰਮ੍ਰਿਤ ੮ ਵਿਖ ਇਤਯਾਦਕ ਦਾ ਪ੍ਰਕਾਸ਼ ਹੋਣਾ (ਉਦਧਿ) ਸਮੁੰਦ੍ਰ ਵਿਚੋਂ ਹੀ ਜਾਣਿਆ ਜਾਂਦਾ ਹੈ॥

ਜੈਸੇ ਤਾਰੋ ਤਾਰੀ ਔ ਆਰਸੀ ਸਨਾਹ ਸਸਤ੍ਰ
ਏਕ ਸੈ ਅਨੇਕ ਲੋਹ ਰਚਨ ਬਖਾਨੀਐ।

ਜਿਵੇਂ ੧ ਜੰਦ੍ਰਾ ੨ ਕੁੰਜੀ ਅਤੇ ੩ ਤਲਵਾਰ ੪ ਸੰਜੋਹ ਆਦਕ ਸ਼ਸਤ੍ਰ ਇਕ ਲੋਹੇ ਤੋਂ ਹੀ ਅਨੇਕਾਂ ਬਣੌਟਾਂ ਬਣੀਆਂ ਹੋਈਆਂ ਆਖੀ ਦੀਆਂ ਹਨ॥

ਭਾਜਨ ਬਿਬਿਧ ਜੈਸੇ ਹੋਤ ਏਕ ਮ੍ਰਿਤਕਾ ਸੈ
ਖੀਰ ਨੀਰ ਬਿੰਜਨਾਦਿ ਅੳਖਧ ਸਮਾਨੀਐ।

(ਮ੍ਰਿਤਕਾ) ਮਿਟੀ (ਖੀਰ) ਦੁਧ (ਨੀਰ) ਪਾਣੀ (ਬਿੰਜਨਾਦਿ) ਅੰਨ ਆਦਕ ਜਿਵੇਂ ਇਕ ਮਿਟੀ ਤੋਂ ਅਨੇਕਾਂ ਭਾਂਡੇ ਬਣਦੇ ਹਨ ਅਤੇ ਇਕ ਪਾਣੀ ਤੋਂ ਦੁਧ ਅੰਨ ਦਵਾਈਆਂ (ਅਉਖਧੀ) ਆਦਕ (ਸਮਾਨੀਐ) ਸਮਾਂਦੇ ਆਖੀਦਾ

ਦੇਵਤਨ ਪੂਜੀਅਤ ਹਸ ॥

ਤੈਸੇ ਬਹੁ ਦਰਸਨ ਬਰਨਾਸ੍ਰਮ ਧਰਮ
ਸਕਲ ਗ੍ਰਿਹਸਤਿ ਕੀ ਸਾਖਾ ਉਨਮਾਨੀਐ ॥੩੭੫॥

ਤਿਵੇਂ ਬਹੁਤੇ ਦਰਸ਼ਨ ਅਤੇ ਚਾਰ ਵਰਨ ਚਾਰ ਆਸ਼੍ਰਮ ਅਤੇ ਸਾਰੇ ਧਰਮ ਇਕ ਕਲਪ ਬ੍ਰਿਛ ਗ੍ਰਿਹਸਥ ਦੀ ਛਾਇਆ ਵਿਚਾਰੀ ਦੇ ਹਨ ॥੩੭੫॥ (ਤਰਵਰ ਏਕੁ ਅਨੰਤ ਡਾਰ ਸਾਖਾ ਪੁਹਪ ਪਤ੍ਰ ਰਸ ਭਰੀਆ) (ਰਾਮਕਬੀਰ ਜੀ)

ਜੈਸੇ ਸਰ ਸਰਿਤਾ ਸਕਲ ਮੈਂ ਸਮੁੰਦ੍ਰ ਬਡੋ
ਮੇਰ ਮੈਂ ਸੁਮੇਰ ਬਡੋ ਜਗਤ ਬਖਾਨ ਹੈ।

(ਸਰ) ਤਾਲ (ਸਰਿਤਾ) ਨਦੀ। ਜਿਵੇਂ ਤਾਲਾਂ ਨਦੀਆਂ ਨਾਲੋਂ ਸਮੁੰਦ੍ਰ ਵਡਾ ਅਤੇ ਹੋਰਨਾਂ ਪਹਾੜਾਂ ਨਾਲੋਂ ਸੁਮੇਰ ਪਰਬਤ ਵਡਾ ਲੋਕੀ ਆਖਦੇ ਹਨ ॥

ਤਰਵਰ ਬਿਖੈ ਜੈਸੇ ਚੰਦਨ ਬਿਰਖ ਬਡੋ
ਧਾਤ ਮੈ ਕਨਿਕ ਅਤਿ ਉਤਮ ਕੈ ਮਾਨ ਹੈ।

ਜਿਵੇਂ ਸਾਰਿਆਂ ਬ੍ਰਿਛਾਂ ਵਿਚੋਂ ਚੰਦਨ ਦਾ ਬ੍ਰਿਛ ਵੱਡਾ ਅਤੇ ਸਾਰੀਆਂ ਧਾਤਾਂ ਵਿਚ ਸੋਨਾ ਅਤਿਅੰਤ ਚੰਗਾ ਕਰਕੇ ਮੰਨੀਦਾ ਹੈ।

ਪੰਛਿਨ ਮੈ ਹੰਸ ਮ੍ਰਿਗ ਰਾਜਨ ਮੈ ਸਾਰਦੂਲ
ਰਾਗਨ ਮੈਂ ਸਿਰੀ ਰਾਗ ਪਾਰਸ ਪਖਾਨ ਹੈ।

ਜਿਵੇਂ ੧ ਜਾਨਵਰਾਂ ਵਿਚ ਹੰਸ ੨ ਹਰਨਾਂ ਦੇ ਰਾਜਿਆਂ ਸ਼ੇਰਾਂ ਵਿਚ ਬਬਰ ਸ਼ੇਰ ੩ ਰਾਗਾਂ ਵਿਚ ਸਿਰੀ ਰਾਗ ੪ ਪੱਥਰਾਂ ਵਿਚ ਪਾਰਸ ਵਡਾ ਹੈ ॥

ਗਿਆਨਨ ਮੈ ਗਿਆਨ ਅਰ ਧਿਆਨਨ ਮੈ ਧਿਆਨ ਗੁਰ
ਸਕਲ ਧਰਮ ਮੈ ਗ੍ਰਿਹਸਤ ਪ੍ਰਧਾਨ ਹੈ ॥੩੭੬॥

ਹੋਰ ਦੇਵੀ ਦੇਵਤਿਆਂ ਦੇ ਗਿਆਨ ਵਿਚੋਂ ਵਾਹਿਗੁਰੂ ਦਾ (ਗਿਆਨ) ਜਾਨਣਾ ਅਤੇ ਹੋਰ ਸਰਵਰਾਂ ਦੇ ਧਿਆਨਾਂ ਵਿਚੋਂ ਗੁਰਾਂ ਦਾ ਧਿਆਨ ਕਰਨਾ ਅਤੇ ਸਾਰਿਆਂ ਧਰਮ (ਵਰਨ ਆਸ਼੍ਰਮਾਂ) ਵਿਚੋਂ ਗ੍ਰਿਹਸਤ ਆਸ਼੍ਰਮ (ਪ੍ਰਧਾਨ) ਸ਼੍ਰੇਸ਼ਟ ਹੀ ਹੈ ॥੩੭੬।

ਗੁਰਾਂ ਦੀ ਚਰਨ ਸ਼ਰਨ ਜਾਣਦਾ ਇਹੋ ਹੀ ਗੁਣ ਹੈ ਜੋ ਗੁਰਾਂ ਦੇ ਉਪਦੇਸ਼ ਨੂੰ ਹਿਰਦੇ ਦੀ ਮਾਲਾ ਵਿਚ ਪਰੋਵੇ।

ਤੀਰਥ ਮੱਜਨ ਕਰਬੇ ਕੋ ਹੈ ਗੁਨਾਉ ਇਹੁ
ਨਿਰਮਲ ਤਨ ਤ੍ਰਿਖਾ ਤਪਤਿ ਨਿਵਾਰੀਐ।

ਤੀਰਥ ਦੇ (ਮੱਜਨ) ਇਸ਼ਨਾਨ ਕਰਨ ਦਾ ਏਹੋ ਹੀ ਗੁਣ ਹੈ ਜੋ ਸਰੀਰ ਨੂੰ ਪਵਿਤ੍ਰ ਅਤੇ ਤ੍ਰਿਖਾ ਤੇ ਤਪਤ ਨੂੰ ਦੂਰ ਕਰੇ।

ਦਰਪਨ ਦੀਪ ਕਰ ਗਹਿ ਕੋ ਗੁਨਾਉ ਇਹ
ਪੇਖਤ ਬਿਹਨ ਮਗ ਸੁਰਤ ਸੰਭਾਰੀਐ।

ਸ਼ੀਸ਼ੇ ਨੂੰ ਹਥ ਵਿਚ ਫੜਨ ਦਾ ਇਹ ਗੁਣ ਹੈ ਕਿ ਆਪਣੇ ਚਿਹਰਨ ਚਿੰਨ੍ਹ ਨੂੰ ਵੇਖੇ ਅਤੇ ਦੀਵੇ ਨੂੰ ਹਥ ਵਿਚ ਫੜਨ ਦਾ ਏਹ ਗੁਣ ਹੈ ਕਿ ਰਾਹ (ਦੀ ਗਿਆਤ ਸੰਭਾਲ) ਦਸੇ॥

ਭੇਟਤ ਭਤਾਰ ਇਹੁ ਨਾਰ ਕੋ ਗੁਨਾਉ ਸ੍ਵਾਂਤਿ
ਬੂੰਦ ਸੀਪ ਗਤਿ ਲੈ ਗਰਭ ਪ੍ਰਤਿ ਪਾਰੀਐ।

ਇਸਤ੍ਰੀ ਨੂੰ (ਭਤਾਰ) ਪਤੀ ਨਾਲ (ਭੇਟਤ) ਮਿਲਨ ਦਾ ਏਹੁ ਗੁਣ ਹੈ ਕਿ ਆਪਣੇ ਗਰਭ ਨੂੰ ਇਕੁਰ (ਪ੍ਰਤਿਪਾਰੀਐ) ਪ੍ਰਤਪਾਲੇ (ਰਖੇ) (ਗਤਿ) ਜਿਸੀ ਤਰਹ। ਭਾਵ ਜਿਕੁਰ ਸਿਪੀ ਸਵਾਂਤੀ ਬੂੰਦ ਨੂੰ ਧਾਰਕੇ ਮੋਤੀ ਬਣਾ ਦਿੰਦੀ ਹੈ ਇਕੁਰ ਹੀ ਇਸਤ੍ਰੀ ਪਤੀ ਨਾਲ ਮਿਲਕੇ ਗਰਭ ਨੂੰ ਧਾਰਕੇ ਪੁਤ੍ਰ ਪ੍ਰਗਟ ਕਰੇ।

ਤੈਸੇ ਗੁਰ ਚਰਨ ਸਰਨ ਕੋ ਗੁਨਾਉ ਇਹੁ
ਗੁਰ ਉਪਦੇਸ ਕਰ ਹਾਰ ਉਰਧਾਰੀਐ॥ ੩੭੭॥

ਇਕੁਰ ਹੀ ਗੁਰਾਂ ਦੀ ਚਰਨ ਸ਼ਰਨ ਔਣ ਦਾ ਏਹ ਗੁਣ ਹੈ ਜੋ ਸਿਖ ਗੁਰਾਂ ਦੇ ਗੁਰ ਉਪਦੇਸ਼ ਨੂੰ (ਉਰ) ਹਿਰਦੇ ਦਾ ਹਾਰ ਬਣਾਕੇ ਪਾ ਲਵੇ (ਭਾਵ ਧਾਰੇ)॥ ੩੭੭॥

ਉਪ੍ਰੋਕਤ ਸਿਖਾਂ ਦਾ ਗੁਰੂ ਔਗੁਣ ਨਹੀਂ ਵੇਖਦੇ ਅਤੇ ਅਗਿਆਨਤਾ ਨੂੰ ਦੂਰ ਕਰਕੇ ਵਾਹਿਗੁਰੂ ਦਾ ਵਿਚਾਰ ਇਕੁਰ ਸਮਝੌਂਦੇ ਹਨ ਜਿਕੁਰ ਪ੍ਰਗਟ ਕਰਨ ਲਈ

ਜੈਸੇ ਮਾਤ ਪਿਤਾ ਨ ਬਿਚਾਰਤ ਬਿਕਾਰ ਸੁਤ
ਪੇਖਤ ਸੁਪ੍ਰੇਮ ਬਿਹਸਤ ਬਿਹਸਾਇਕੈ।

ਜਿਕੁਰ ਮਾਂ ਪਿਓ ਆਪਣੇ ਪੁਤ੍ਰ ਦੇ (ਬਿਕਾਰ) ਮਾੜੇ ਕੰਮਾਂ ਨੂੰ ਨਹੀਂ ਵਿਚਾਰਦੇ ਅਤੇ ਪ੍ਰੇਮ ਨਾਲ ਪਾਲਦੇ ਹਨ ਅਤੇ ਪੁਤ੍ਰ ਨੂੰ ਹਸਾਉਂਦੇ [illegible]

ਜੈਸੇ ਬਿਥਾਵੰਤ ਜੰਤ ਬੈਦ ਪੈ ਬ੍ਰਿਤਾਂਤ ਕਹੈ
ਪਾਰਖ ਪਰੀਖਿਆ ਉਪਚਾਰ ਰਸਾਇਨੈ ।

ਜਿਵੇਂ ਪੀੜਾ ਵਾਲਾ ਆਦਮੀ ਹਕੀਮ ਨੂੰ ਆਪਣੇ ਦੁਖਦੇ ਕਾਰਨ ਦਾ ਹਾਲ ਦੱਸਦਾ ਹੈ ਅਤੇ ਹਕੀਮ ਉਸ ਕਾਰਨ ਨੂੰ ਪਛਾਣਕੇ ਚੰਗੀ ਤਰਾਂ ਪ੍ਰੇਮ ਨਾਲ ਇਲਾਜ ਕਰਦਾ ਹੈ (ਅਤੇ ਉਸਦੇ ਦੁਖ ਸਹਿਣ ਦੇ ਅਤੇ ਦਵਾਈ ਦਾ ਮੁਲ ਨਾ ਦੇਣ ਦੇ ਔਗਣ ਨਹੀਂ ਵਿਚਾਰਦਾ)

ਚਟੀਆ ਅਨੇਕ ਜੈਸੇ ਏਕ ਚਟਸਾਰ ਬਿਖੈ
ਬਿਦਿਆ ਦਾਨ ਕਰੈ ਪਾਂਧਾ ਪ੍ਰੀਤ ਸੈਂ ਪੜ੍ਹਾਇਨੈ ।

ਜਿਵੇਂ ਬਹੁਤੇ ਮੁੰਡਿਆਂ ਨੂੰ ਪ੍ਰੀਤ ਨਾਲ ਪਾਠਸ਼ਾਲਾ ਵਿਚ ਪਾਂਧਾ ਪੜ੍ਹਾ ਕੇ ਵਿਦਿਆ ਵਾਲੇ ਕਰ ਦਿੰਦਾ ਹੈ (ਅਤੇ ਉਨ੍ਹਾਂ ਦੇ ਔਗਣ ਨਹੀਂ ਵਿਚਾਰਦਾ)

ਤੈਸੇ ਗੁਰ ਸਿਖਨ ਕੇ ਔਗੁਣ ਅਗਯਾਨ ਮੇਟ
ਬ੍ਰਹਮ ਬਿਬੇਕ ਸੇ ਸਹਜ ਸਮਝਾਇਨੈ ॥੩੭੮॥

ਤਿਵੇਂ ਹੀ ਗੁਰੂ ਸਿਖਾਂ ਨੂੰ (ਬ੍ਰਹਮ) ਵਾਹਿਗੁਰੂ ਦੇ (ਬਿਬੇਕ) ਵਿਚਾਰ ਨਾਲ ਸਹਿਜੇ ਹੀ ਸਮਝਾਕੇ ਔਗੁਣ ਅਤੇ ਅਗਿਆਨ ਦੂਰ ਕਰ ਦੇਂਦੇ ਹਨ॥੩੭੮॥

ਜੈਸੇ ਤੌ ਕਰਤ ਸੁਤ ਅਨਿਕ ਅਖ੍ਯਾਨ ਪਨ
ਔਗੁਣ ਜਨਨਿ ਨਾਹਿ ਤਊ ਉਰ ਧਾਰਜੈ ਹੈ ।

ਜਿਵੇਂ ਪੁਤ੍ਰ ਬਹੁਤੇ ਅਞਾਣਪਣੇ ਕਰਦਾ ਹੈ ਪਰ ਫਿਰ ਵੀ (ਉਨ) ਹਿਰਦੇ ਵਿਚ ਉਨ੍ਹਾਂ ਔਗੁਣਾਂ ਨੂੰ (ਜਨਨੀ) ਮਾਂ ਨਹੀਂ ਧਾਰਦੀ।

ਜੈਸੇ ਤੌ ਸਰਨ ਸੂਰ ਪੂਰਨ ਪ੍ਰਤੱਗਯਾ ਰਾਖੁ
ਅਨਿਕ ਅਵਗਯਾ ਕੀਏ ਮਾਰ ਨ ਬਿਡਾਰਜੈ ਹੈ ।

ਜਿਵੇਂ ਸ਼ਰਨ ਆਏ ਦੀ ਸੂਰਮਾ ਪੂਰੀ ਪ੍ਰਤੱਗਿਆ ਕੀਤੀ ਹੋਈ ਰਖਦਾ ਹੈ (ਭਾਵ ਜਦ ਕੋਈ ਨਸਕੇ ਸੂਰਮੇ ਪਾਸ ਆ ਜਾਵੇ ਤਾਂ ਸੂਰਮਾ ਉਸਦੀ ਰਖਿਆ ਆਪਣੇ ਬਚਨਾਂ ਦੇ ਨਿਯਮਾਨੁਸਾਰ ਕਰਦਾ ਹੈ) ਭਾਵੇਂ ਅਨੇਕਾਂ ਹੀ ਅਵਗਿਆ ਸੂਰਮੇ ਦੀਆਂ ਕਰ ਚੁਕਾ ਹੋਵੇ ਤਾਂ ਵੀ ਸੂਰਮਾ ਨਹੀਂ ਮਾਰ ਸੁਟਦਾ।

ਜੈਸੇ ਤੌ ਸਰਿਤਾ ਜਲ ਕਾਸ੍ਟ ਹੈ ਨ ਬੋਰਤ ਹੈ
ਕਰ ਗਹਿ ਲਾਜ ਅਪਨੀ ਕੀ ਪ੍ਰਤਿਪਾਰਜੈ ਹੈ ॥

ਜਿਵੇਂ ਨਦੀ ਦਾ ਪਾਣੀ ਲਕੜ ਨੂੰ ਨਹੀਂ ਡੋਬਦਾ ਅਤੇ (ਬਹੁਤ ਭਾਰ ਰੱਖਦੇ) ਆਪਣੇ ਮਨ ਵਿਚ ਸ਼ਰਮ ਕਰਦਾ ਹੈ ਕਿ ਏਹ (ਜਹਾਜ਼ ਦਾ ਪਟੜਾ ਆ ਬੂਟੇ ਦਾ ਟਾਹਣ) ਮੇਰਾ ਹੀ ਪਾਲਿਆ ਹੋਇਆ ਹੈ ॥

ਤੈਸੇ ਹੀ ਪਰਮ ਗੁਰ ਪਾਰਸ ਪਰਸ ਗਤਿ
ਸਿਖਨ ਕੇ ਕ੍ਰਿਤ ਕ੍ਰਮ ਕਛੂ ਨ ਬਿਚਾਰਹੈ ਹੈ ॥੨੭੯॥

ਜਿਵੇਂ ਪਾਰਸ ਨੂੰ (ਪਰਸ) ਛੋਹਕੇ ਲੋਹਾ ਸੋਨਾ ਬਣ ਜਾਂਦਾ ਹੈ ਇਵੇਂ ਹੀ ਗੁਰੂ ਬੜੇ ਵਡੇ ਪਾਰਸ (ਗਤਿ) ਵਾਂਙੂ ਹਨ ਸਿਖਾਂ ਦੇ (ਕ੍ਰਿਤ ਕਰਮ) ਕੀਤੇ ਹੋਏ ਕੰਮ ਮਾੜੇ ਕੁਝ ਨਹੀਂ ਵਿਚਾਰਦੇ ॥੨੭੯॥

ਉਪ੍ਰੋਕਤਿ ਜਿਹੜਾ ਸਿਖ ਗੁਰਾਂ ਦਾ ਉਪਦੇਸ਼ ਹਿਰਦੇ ਵਿਚ ਧਾਰ ਲੈਂਦਾ ਹੈ ਜਿਵੇਂ ਗੁਣੀਆਂ ਵਿਚ ਗਿਣਿਆਂ ਜਾਂਦਾ ਹੈ ਜਿਵੇਂ ਮੂਹਰੇ ਵਰਨਨ ਹੈ।

ਸੋਈ ਕੁਲਾ ਧਰਮ ਕਰਮ ਕੈ ਸੁਚਾਰ ਚਾਰ
ਸੋਈ ਪਰਵਾਰ ਬਿਖੈ ਸ੍ਰੇਸਟ ਬਖਾਨੀਐ।

ਜਿਹੜਾ ਆਪਣੀ ਕੁਲ ਦੇ ਧਰਮ ਦਾ ਕੰਮ ਸੁੰਦਰ ਹੈ ਚੰਗੀ ਤਰ੍ਹਾਂ ਸੁੰਦਰ ਸਾਹਵੇ ਜਿਹੜਾ ਕਰੇ ਉਹੋ ਹੀ ਟੱਬਰ ਵਿਚ ਚੰਗਾ ਆਦਮੀ ਆਖਿਆ ਜਾਂਦਾ ਹੈ।

ਬਨਜ ਬਿਉਹਾਰ ਸਾਚੋ ਸਾਹ ਸਨਮੁਖ (ਸਦਾ) ਸੋਈ
ਸੋਈ ਤੌ ਬਣੌਟਾ ਨਿਹਕਪਟ ਕੈ ਮਾਨੀਐ।

ਜਿਹੜਾ ਸੌਦੇ ਦੇ ਦੇਣ ਲੈਣ ਵਿਚ ਸਦਾ ਹੀ ਆਪਣੇ ਸਾਹ ਦੇ ਸਾਮ੍ਹਣੇ ਸੱਚਾ ਰਹੇ ਸੋਈ (ਬਣੌਟਾ) ਸ਼ਾਹੂਕਾਰ ਦਾ ਗੁਮਾਸ਼ਤਾ (ਨਿਹਕਪਟ) ਬਿਨਾਂ ਖੋਟ ਤੋਂ ਮੰਨਿਆ ਜਾਂਦਾ ਹੈ ॥

ਸ੍ਵਾਮਿ ਕਾਮ ਸਾਵਧਾਨ ਮਾਨਤ ਨਰੇਸ ਆਨ
ਸੋਈ ਸ੍ਵਾਮਿ ਕਾਰਜੀ ਪ੍ਰਸਿਧ ਪਹਿਚਾਨੀਐ।

ਜਿਹੜਾ ਸੁਆਮੀ ਦਾ ਕੰਮ ਤਿਆਰ ਬਰ ਤਿਆਰ ਹੋਕੇ ਕਰਨ ਵਾਲਾ ਅਤੇ (ਨਰੇਸ) ਰਾਜੇ ਦੀ (ਆਨ) ਆਗਿਆ ਮੰਨਣ ਵਾਲਾ ਹੈ ਉਹੋ ਹੀ ਸੁਆਮੀ ਦਾ (ਕਾਰਜੀ) ਕਾਰਬਾਰੀ (ਕੰਮ ਕਰਨ ਵਾਲਾ) ਪ੍ਰਗਟ ਹੀ ਚੰਗਾ ਲੋਕਾਂ ਵਿਚ (ਪਹਿਚਾਨੀਐ) ਜਾਣਿਆ ਜਾਂਦਾ ਹੈ ॥

ਗੁਰ ਉਪਦੇਸ ਪਰਵੇਸ ਰਿਦ ਅੰਤਰ ਹੈ
ਸਬਦ ਸੁਰਤਿ ਸੋਈ ਸਿਖ ਸਰਬਾਨੀਐ ॥੨੮੦॥

ਜੇਹੜੇ ਸਿੱਖਾਂ ਦੇ ਹਿਰਦੇ ਅੰਦਰ ਗੁਰੂ ਦਾ ਉਪਦੇਸ਼ ਪਰਵੇਸ਼ ਕਰਦਾ ਹੈ ਉਹ ਹੀ (ਸਪਸ਼ਟ) ਵਾਹਿਗੁਰੂ ਦੀ (ਸੂਰਤਿ) ਜਿਆਦਾ ਸੁਹਣਾ ਮਿੱਤ੍ਰ ਸੰਸਾਰ ਵਿਚ ਜਾਣੀਦਾ ਹੈ ॥ ੯੭ ॥

ਪ੍ਰਭੂ ਕਰਕੇ ਦਾਸ ਅਤੇ ਦਾਸ ਕਰਕੇ ਮਾਲਕ ਜਾਣਿਆ ਜਾਂਦਾ ਹੈ ਅਤੇ ਮਾਲਕ ਦਾਸ ਦੇ ਗੁਣ ਔਗੁਣ ਨਹੀਂ ਵਿਚਾਰਦਾ ਇਸ ਲਈ ਮਾਲਕ ਅਤੇ ਦਾਸ ਦੀ ਇਕੁਰ ਦੀ ਪ੍ਰੀਤੀ ਹੈ ਜਿਕੁਰ ਸੁਧਰੇ ਵਰਤਣ ਹੈ ॥

ਜਲ ਕੈ ਪਵਨ ਅਰ ਧਰਨ ਕੈ ਜੈਸੇ ਜਲ
ਪ੍ਰੀਤਿ ਕੈ ਪਰਸਪਰ ਸੰਗਮ ਸੁਮਾਰ ਹੈ ।

ਜਿਕੁਰ ਪਾਣੀ ਵਿਚ ਧਰਤੀ ਹੈ ਅਤੇ ਧਰਤੀ ਵਿਚ ਪਾਣੀ ਹੈ ਦੋਵੇਂ ਹੀ (ਪਰਸਪਰ) ਆਪੋ ਵਿਚ ਦੀ ਪ੍ਰੀਤੀ ਕਰਕੇ ਆਪਣੇ (ਸੰਗਮ) ਸਾਥ ਦੇ (ਸੁਮਾਰ) ਸੰਭਾਲਦੇ ਹਨ ॥

ਜੈਸੇ ਜਲ ਸੀਂਚ ਕੈ ਤਮਾਲ ਪ੍ਰਤਿਪਾਲੀਅਤ
ਬੋਰਤ ਨ ਕਾਹੂ ਕੋ ਜ੍ਵਾਲਾ ਮੈ ਨ ਜਾਰ ਹੈ ।

ਜਿਕੁਰ ਪਾਣੀ ਨੂੰ ਛੱਟੇ ਨਾਲ ਸਿੰਜ ਕੇ ਬ੍ਰਿਛ ਨੂੰ ਪਾਲੀਦਾ ਹੈ ਅਤੇ ਓਹ ਪਾਣੀ ਇਸ ਲਈ ਨਾ ਤੇ ਆਪ ਡੋਬਦਾ ਹੈ ਅਤੇ ਨਾ ਹੀ ਅੱਗ ਵਿਚ ਸੜਨ ਦੇਂਦਾ ਹੈ ॥

ਲੋਸਟ ਕੈ ਜੜਤ ਗੜ੍ਹ ਬੋਹਿਥ ਬਨਾਈਅਤ
ਲੋਸਟ ਕੈ ਸਾਗਰ ਅਪਾਰ ਪਾਰ ਪਾਰ ਹੈ ।

ਉਪ੍ਰੋਕਤ ਲਕੜ ਨਾਲ ਲੋਹੇ ਦਾ ਜਹਾਜ ਘੜਕੇ ਜੜ ਦੇਣ ਨਾਲ ਮਗਰੋਂ ਉਹ ਪਾਣੀ ਲੋਹੇ ਨੂੰ ਵੀ ਬਾਹਲੇ ਡੂੰਘੇ ਸਮੁੰਦ੍ਰ ਤੋਂ ਨਾਲ ਹੀ ਪਾਰ ਕਰ ਦਿੰਦਾ ਹੈ ॥

ਪ੍ਰਭੂ ਕੈ ਜਾਨੀਜੈ ਜਨ ਜਨ ਕੈ ਜਾਨੀਜੈ ਪ੍ਰਭੂ
ਤਾਤੇ ਜਨ ਕੋ ਨ ਗੁਨ ਔਗੁਨ ਬਿਚਾਰ ਹੈ ॥੯੮॥

ਇਕੁਰ ਹੀ ਮਾਲਕ ਕਰਕੇ ਦਾਸ ਅਤੇ ਦਾਸ ਕਰਕੇ ਮਾਲਕ ਜਾਣਿਆਂ ਜਾਂਦਾ ਹੈ ਤਾਂਤੇ ਇਸ ਲਈ (ਪਰਮਾਤਮਾ ਗੁਰੂ) ਦਾਸ ਦਾ ਗੁਣ ਔਗੁਣ ਨਹੀਂ ਵਿਚਾਰਦਾ ॥

ਨੋਟ—ਇਸ [illegible] ਅਲੰਕਾਰ ਹੈ ਦੂਜੇ ਵੇਦ [illegible] ਵਿਚ [illegible] ਆਦਰ [illegible] ਸ੍ਰੀ [illegible] ਜੀ ।

ਮੂੰਹ ਤੇ ... ਜਾਣੀਏ ਜਨ ਤੇ ਸਿਆਣੀ॥ ੧੬੧ ॥

ਇਸੇ ਤਰ੍ਹਾਂ ਹੀ ਲੱਖਣਾ ਕਰਕੇ ਸਾਧ ਅਸਾਧ ਵਿਚਾਰੇ ਜਾਂਦੇ ਹਨ, ਜਿਹੜੇ ਸੁਧਾਂ ਵਰਨਨ ਹੈ॥

ਬਯਾਹ ਸਮੈ ਜੈਸੇ ਦੁਹੂੰ ਓਰ ਗਾਈਅਤ ਗੀਤ
ਏਕੈ ਹ੍ਵੈ ਲਭਤ ਏਕੈ ਹਾਨਿ ਕਾਨ ਜਾਨੀਐ।

ਜਿਸ ਤਰ੍ਹਾਂ ਵਿਆਹ ਦੇ ਵੇਲੇ ਦੁਆਂ ਧਿਰਾਂ (ਧੀ ਪੁਤ੍ਰ ਵਾਲੀ) ਵਲ ਜਿਵੇਂ ਜਿਵੇਂ ਗੀਤ ਗਾਏ ਜਾਂਦੇ ਹਨ ਜਿਨ੍ਹਾਂ ਪੁਤ੍ਰ ਵਾਲਿਆਂ ਨੂੰ ਤਾਂ ਲਾਭ ਹੁੰਦਾ ਹੈ ਅਤੇ ਜਿਨ੍ਹਾਂ ਧੀ ਵਾਲਿਆਂ ਨੂੰ ਹਾਨੀ ਅਤੇ (ਕਾਨ) ਹਰ ਤਰ੍ਹਾਂ ਦੀ ਅਧੀਨਤਾ (ਕਨੌੜ) ਜਾਣੀ ਜਾਂਦੀ ਹੈ॥

ਦੁਹੂੰ ਦਲ ਬਿਖੈ ਜੈਸੇ ਬਾਜਤ ਨੀਸਾਨ ਤਾਨ
ਕਾਹੂ ਕੈ ਜੈ ਕਾਹੂ ਕੋ ਪਰਾਜੈ ਪਹਿਚਾਨੀਐ।

ਜਿਸ ਤਰ੍ਹਾਂ ਦੁਆਂ ਦਲਾਂ ਵਿਚ ਜ਼ੋਰ ਨਾਲ ਵਾਜੇ ਤੇ ਨਗਾਰੇ ਵਜਦੇ ਹਨ ਪਰ ਕਿਸੇ ਨੂੰ ਜਿਤ ਅਤੇ ਕਿਸੇ ਨੂੰ ਹਾਰ (ਪਹਿਚਾਨੀਐ) ਜਾਣੀ ਜਾਂਦੀ ਹੈ।

ਜੈਸੇ ਦੁਹੂੰ ਕੂਲ ਸਰਿਤਾ ਮੈ ਭਰਿ ਨਾਉ ਚਲੈ
ਕੋਊ ਮਾਂਝ ਧਾਰ ਕੋਊ ਪਾਰਿ ਪਰਿਵਾਨੀਐ।

ਜਿਸ ਤਰ੍ਹਾਂ ਦੁਆਂ ਕੰਢਿਆਂ ਵਲੋਂ ਨਦੀ ਵਿਚ ਭਰੀ ਹੋਈ ਬੇੜੀ ਚਲਦੀ ਹੈ ਕੋਈ ਤਾਂ ਵਿਚਕਾਰ ਹੀ ਉਛੱਲ ਨਾਲ ਡੁਬ ਜਾਂਦੀ ਹੈ ਅਤੇ ਕੋਈ ਪਾਰ ਹੋਕੇ ਪ੍ਰਵਾਨ ਠੀਕ ਹੁੰਦੀ ਹੈ॥

ਧਰਮ ਅਧਰਮ ਕਰਮ ਕੈ ਅਸਾਧ ਸਾਧ
ਊਚ ਨੀਚ ਪਦਵੀ ਪ੍ਰਸਿਧ ਉਨਮਾਨੀਐ॥੧੬੨॥

ਤਿਸ ਤਰ੍ਹਾਂ ਹੀ ਸਾਧਾਂ ਦਾ ਕੰਮ ਧਰਮ ਅਤੇ ਅਸਾਧਾਂ ਦਾ ਅਧਰਮ ਹੈ ਪਰ ਉਚੀ ਨੀਵੀਂ ਪਦਵੀ ਕਰਕੇ ਪ੍ਰਗਟ ਹੀ (ਉਨਮਾਨੀਐ) ਉਨਮਾਨ ਕੀਤੇ ਜਾਂਦੇ ਹਨ (ਕਿ ਇਹ ਗੁਰਮੁਖ ਹਨ ਅਤੇ ਏਹ ਮਨਮੁਖ ਹਨ)॥ ੧੬੨॥

ਪੁਨਾ ਉਪ੍ਰੋਕਤਿ ਸਾਧਾਂ ਅਸਾਧਾਂ ਦਾ ਵਰਨਨ ਕਰਦੇ ਹਨ॥

ਪਾਹਨ ਕੀ ਰੇਖ ਆਦਿ ਅੰਤ ਨਿਰਬਾਹੁ ਕਰੈ
ਟਲੈ ਨ ਸਨੇਹ ਸਾਧ ਬਿਗ੍ਰਹ ਅਸਾਧ ਕੋ।

(ਪਾਹਨ) ਪਥਰ। ਜਿਵੇਂ ਪਥਰ ਦੀ ਲੀਕ ਅੰਤ ਪ੍ਰਯੰਤ ਇਕੋ ਜਿਹੀ

ਨਿਹਚਾਰ ਕਰਦੀ ਹੈ ਭਾਵ ਜਿਸ ਪਥਰ ਤੇ ਲੀਕ ਕਰਦਈਏ ਫਿਰ ਪਥਰ ਦੇ ਟੁਟਣ ਤਕ ਨਹੀਂ ਜਾਂਦੀ ਇਵੇਂ ਹੀ ਸਾਧਾਂ ਦਾ ਪ੍ਰੇਮ ਅਤੇ ਅਸਾਧਾਂ ਦਾ ਵੈਰ ਹੈ ਸੋ ਸਾਰੀ ਉਮਰ (ਦਰੋ) ਹਟਦਾ ਨਹੀਂ ॥ ਸਾਧੂਕਤਾਵਲੀ ਵਿਚੋਂ ੭ ਧਿਆ (ਅਤੇ ਇਨ੍ਹਾਂ ਹੀ ਕਬਿਤਾਂ ਵਿਚੋਂ ੩੯੭ ਕਬਿਤ ਦੇਖੋ)

ਜੈਸੇ ਜਲ ਮੈ ਲਕੀਰ ਧੀਰ ਨ ਧਰਤ ਚਿਤ

ਅਧਮ ਕੀ ਪ੍ਰੀਤ ਐਸੇ ਬਿਰੁਧ ਸੁਧ ਸਾਧ ਕੇ ।

ਜਿਵੇਂ ਪਾਣੀ ਵਿਚ ਲੀਕ ਧੀਰਜ ਨਹੀਂ ਰਖਦੀ ਭਾਵ ਪਾਣੀ ਦੀ ਲਕੀਰ ਛੇਤੀ ਨਾਲ ਦੂਰ ਹੋਜਾਂਦੀ ਹੈ (ਤਿਵੇਂ) ਤਿਵੇਂ ਹੀ ਨੀਚ ਆਦਮੀ ਦੀ ਪ੍ਰੀਤ ਅਤੇ ਉਲਟਾ ਜੇਹਾ ਕਰਕੇ ਵੈਰ ਅਤੇ ਇਸਦੇ ਵਿਰੁਧ ਸਾਧ ਦੀ ਪ੍ਰੀਤ ਹੈ ਭਾਵ ਗੁਰਮੁਖਾਂ ਦਾ ਵੈਰ ਪਾਣੀ ਦੀ ਲੀਕ ਵਾਂਗੂੰ ਹੈ ਅਤੇ ਪ੍ਰੀਤ ਪੱਥਰ ਦੀ ਲੀਕ ਵਾਂਗੂੰ ਹੈ ਅਤੇ ਮਨਮੁਖਾਂ ਦਾ ਵੈਰ ਪੱਥਰ ਦੀ ਲੀਕ ਵਾਂਗੂੰ ਹੈ ਅਤੇ ਪ੍ਰੀਤ ਪਾਣੀ ਦੀ ਲੀਕ ਵਾਂਗੂੰ ਹੈ ॥

ਹਰਿਚਰਨ ਦਾਸ ਜੀ ਕ੍ਰਿਤ ਸਭਾ ਪ੍ਰਕਾਸ਼ ਦਾ ੪੫ ਵਾਂ ਦੋਹ ੫ ਵਾਂ ਅਧਯਾ

"ਉਤਮ ਮਧਮੁ ਅਧਮ ਨਰ ਪਾਹਨ ਸਿਕਤਾ ਵਾਰ ॥
ਪ੍ਰੀਤਿ ਅਨੁਕ੍ਰਮ ਜਾਨੀਏ ਬਿਪ੍ਰਜਯ ਵੈਰ ਵਿਚਾਰ ॥ (੪੫)

ਬੇਹਰ ਉਖਾਰੀ ਉਪਕਾਰੀ ਐਸੇ ਬਿਕਾਰੀ ਜਨ

ਸਹਜ ਸੁਭਾਵ ਸਾਧ ਅਧਮ ਉਪਾਧ ਕੈ ।

ਜਿਵੇਂ ਗੰਨਾਂ ਉਪਕਾਰੀ ਅਤੇ ਬੇਹਰ ਵਿਕਾਰੀ ਹੁੰਦੀ ਹੈ ਇਵੇਂ ਹੀ ਸਹਿਜ ਸੁਭਾਉ ਵਾਲੇ ਸਾਧ ਅਤੇ ਉਪਾਧੀ ਦਾ ਕਾਰਨ ਨੀਚ ਆਦਮੀ ਹਨ ॥

ਚੀਜਾ ਫਲ ਮਾਨਕ ਸੰਸਾਰ ਤੁਲਾ ਧਾਰ ਬਿਖੈ

ਤੋਲ ਕੈ ਸਮਾਨ ਮੋਲ ਅਲਪ ਅਗਾਧ ਕੈ॥੩੯੮॥

(ਚੀਜਾਫਲ) ਰਤੀਆਂ (ਤੁਲਾਧਾਰ) ਤਕੜੀ (ਅਲਪ) ਥੋੜਾ । ਰਤੀਆਂ ਅਤੇ ਮਾਨਕ ਦਾ ਜਗਤ ਵਿਚ ਤੱਕੜੀ ਦੀ ਧਾਰਨਾਂ ਤੇ ਤੋਲ ਦਾ ਤੁਲਣਾ ਇਕੋ ਜਿਹਾ ਹੈ ਪਰ ਮੁਲ ਥੋੜੇ ਬਹੁਤੇ ਕਰਕੇ ਰਤੀਆਂ ਅਤੇ ਮਾਨਕ ਮਹਾਨਤਾ ਦਾ ਹੈ (ਇਵੇਂ ਹੀ ਗੁਰਮੁਖ ਮਨਮੁਖ ਜਾਣੀਏ) ਧਿਆ ੨੨ ਦੋਹ ੭ ॥

ਅਰਗਜਾ ਕੇਤਕ ਦਾਇਕ ਮੈ ਹਾਟਕ ਦੁਖੇ ਨ ਕੋਇ ।
ਗੁੰਜਨ ਸਮ ਤੋਲਨ ਹੁਤੇ ਕੰਚਨ ਤੁਲ ਹੈ ਜੋਇ ॥ ੩੯੮ ॥

ਜੇਹੜੀ ਮਣੀਆਂ ਸਿਖਾਂ ਨੂੰ ਸੁਖ ਦਾਇਕ ਹੈ ਅਤੇ ਕੁੱਤੇ ਭੀ ਜਗਤ ਨੂੰ ਦੁਖਦਾਇਕ ਹੈ ਜਿਵੇਂ ਦੂਹਰੇ ਵਰਨਨ ਹੈ ॥

ਜੈਸੇ ਕੁਲਾ ਬਧੂ ਅੰਗ ਸੋਰਹ *ਸਿੰਗਾਰ ਰਚੈ
ਗਨਿਕਾ ਰਚਤ ਤੈਸੀ ਸਕਲ ਸਿੰਗਾਰ ਜੀ ।

ਜਿੱਕੁਰ ਹੱਛੀ ਕੁਲ ਦੀ ਇਸਤ੍ਰੀ ਅੰਗਾਂ ਤੇ ਸੋਲਾਂ ਤਰਾਂ (ਪਵਿਤ੍ਰਤਾ ੫ ਕੋਮਲਬਾਣੀ ੫ ਚਾਤਰਤਾ ੫ ਪਤਿਬ੍ਰਤਾ ੫) ਦੇ ਸਿੰਗਾਰ ਕਰਦੀ ਹੈ ਇੱਕੁਰ ਹੀ ਵੇਸਵਾ ਓਹ ਜੇਹੇ ਸਿੰਗਾਰਾਂ ਸਾਰਿਆਂ ਨੂੰ ਰਚਦੀ ਹੈ ॥

ਕੁਲਾ ਬਧੂ ਸੇਜਾ ਸਮੈ ਰਮਤ ਭਤਾਰ ਏਕ
ਬੇਸ੍ਵਾ ਤੌ ਅਨੇਕਨ ਸੈਂ ਕਰੈ ਬਿਭਚਾਰ ਜੀ ।

ਹੱਛੀ ਕੁਲ ਦੀ ਇਸਤ੍ਰੀ ਸੇਜਾ ਦੇ ਵੇਲੇ ਇਕ ਪਤੀ ਨਾਲ ਰਮਦੀ ਹੈ ਅਤੇ ਵੇਸਵਾ ਬਾਹਲਿਆਂ ਆਦਮੀਆਂ ਨਾਲ ਬਿਭਚਾਰ ਕਰਦੀ ਹੈ ॥

ਕੁਲਾ ਬਧੂ ਸੰਗਮ ਸੁਜਸ ਨਿਰਦੋਖ ਮੋਖ
ਬੇਸ੍ਵਾ ਪਰਸਤ ਅਪਜਸ ਹੈ ਬਿਕਾਰ ਜੀ ।

ਹੱਛੀ ਕੁਲ ਦੀ ਇਸਤ੍ਰੀ ਪਤੀ ਦਾ (ਸੰਗਮ) ਸਾਥ ਕਰਕੇ ਸੋਹਣਾ ਜਸ ਅਤੇ ਦੂਸ਼ਣਾਂ ਤੋਂ ਬਿਨਾ ਹੋਕੇ ਮੁਕਤੀ ਹੁੰਦੀ ਹੈ ਅਤੇ ਵੇਸਵਾ ਬਾਹਲਿਆਂ ਆਦਮੀਆਂ ਨਾਲ (ਪਰਸਤ) ਛੋਹਕੇ ਅਪਜਸ ਅਤੇ (ਬਿਕਾਰ) ਰੋਗਾਂ ਦੀ ਭਾਗੀ ਹੁੰਦੀ ਹੈ ॥

ਤੈਸੇ ਗੁਰ ਸਿੱਖਨ ਕੌ ਪਰਮ ਪਵਿਤ੍ਰ ਮਾਯਾ
ਸੋਈ ਦੁਖਦਾਇਕ ਹੈ ਦਹਤ ਸੰਸਾਰ ਜੀ ॥੨੫੪॥

ਤਿੱਕੁਰ ਹੀ ਗੁਰਾਂ ਦੇ ਸਿਖਾਂ ਨੂੰ ਦੌਲਤ (ਹੱਛੇ ਕੰਮਾਂ ਤੇ ਖਰਚਨ ਕਰਕੇ) ਹੱਛੀ ਸੁਖਦਾਇਕ ਹੈ ਅਤੇ ਸੋਈ ਮਾਇਆ ਦੁਖਦਾਇਕ (ਸੂਮ ਪਣਾ, ਅਤੇ ਕਸ਼ਟ ਸੇ ਕਮਾਉਣੀ, ਚੋਰਾਂ ਲੈ ਜਾਣੀ) ਹੋਕੇ ਸੰਸਾਰ ਨੂੰ (ਦਹਤ) ਸਾੜਦੀ ਹੈ ॥ (ਗਉੜੀ ਕਬੀਰ ਜੀ) ਕਟੀ ਨ ਕਟੈ ਤੂਟਿ ਨਹ ਜਾਈ । ਸਾ ਸਾਪਨਿ ਹੋਇ ਜਗ ਕਉ ਖਾਈ ॥ ੨੫੪ ॥ ਪੁਨਾ

ਜੈਸੀ ਲੋਹਾ ਬਿਸ੍ਵ ਬਿਖੈ ਬਿਬਿਧ ਬੰਧਨ ਰੂਪ
ਸੋਈ ਤੌ ਕੰਚਨ ਜੋਤਿ ਪਾਰਸ ਪ੍ਰਸੰਗ ਹੈ ।

---

*ਸਾਰੇ ਪਤਿਬ੍ਰਤਾ ਆਦਿਕ ਗੁਣਿਆਂ ਦੇ ਅਤੇ ਸੋਲਾਂ ਬਾਹਰ ਦੇ ਚਾਵਣ ਭੂਸ਼ਣਕਾਦੇ ਸਿੰਗਾਰ ਵੀ ਹਨ ਪਰ ਉਸ ਨੂੰ ਸੁਖਦਾਇਕ ਉਸਨੂੰ ਦੁਖਦਾਇਕ ਹਨ

ਜਿਹਾ ਲੋਹਾ ਸੰਸਾਰ ਵਿਚ ਬਹੁਤ ਤਰਾਂ ਦੇ ਸੰਬੰਧਾਂ ਵਾਲਾ ਹੈ, ਜਿਵੇਂ ਹੀ ਪਾਰਸ ਦਾ ਸੰਗ ਕਰਕੇ ਸੋਨਾ ਬਣਕੇ ਪ੍ਰਕਾਸ਼ਦਾ ਹੈ ॥

ਸੋਈ ਤੌ ਸਿੰਗਾਰ ਅੰਗਿ ਸੋਭਤ ਪਤਿਬ੍ਰਤਾ ਕੈ

ਸੋਈ ਅਭਰਨ ਗਨਿਕਾ ਲਜਤ ਅੰਗ ਹੈ ।

ਜਿਹੜੇ (ਸੋਈ) ਸ਼ਿੰਗਾਰ ਪਤਿਬ੍ਰਤਾ ਇਸਤ੍ਰੀ ਨੂੰ ਬਹੁਤ ਸੋਹਣੇ ਲਗਦੇ ਹਨ ਅਤੇ ਓਹੀ (ਅਭਰਨ) ਗਹਿਣੇ ਵੇਸਵਾ ਸਰੀਰ ਦੇ ਅੰਗਾਂ ਪੁਰ ਲਜਾਂਦੀ ਹੈ ॥

ਸੋਈ ਸ੍ਵਾਂਤਿ ਬੂੰਦ ਮਿਲ ਸਾਗਰ ਮੁਕਤ ਫਲ

ਸੋਈ ਸ੍ਵਾਂਤਿ ਬੂੰਦ ਬਿਖ ਭੇਟਤ ਭੁਯੰਗ ਹੈ ।

ਜਿਹੜੀ (ਸੋਈ) ਸ੍ਵਾਂਤੀ ਬੂੰਦ (ਸਾਗਰ) ਸਮੁੰਦ੍ਰ ਨੂੰ ਮਿਲਕੇ ਅਤੇ ਸਿਪੀ ਦੇ ਮੂੰਹ ਵਿਚ ਪੈਕੇ (ਮੁਕਤਫਲ) ਮੋਤੀ ਬਣ ਜਾਂਦੀ ਹੈ ਅਤੇ ਸੋਈਓ ਹੀ ਸ੍ਵਾਂਤੀ ਬੂੰਦ (ਭੁਯੰਗ) ਸਪ ਦੇ ਮੂੰਹ ਵਿਚ (ਭੇਟਤ) ਮਿਲਕੇ (ਪੈਕੇ) ਵਿਹੁ ਬਣ ਜਾਂਦੀ ਹੈ।

ਤੈਸੇ ਮਾਯਾ ਕਿਰਤ ਬਿਰਤ ਹੈ ਬਿਕਾਰ ਜਗ

ਪਰਉਪਕਾਰ ਗੁਰ ਸਿਖਨ ਸੁਭੰਗ ਹੈ ॥ ੧੯੫ ॥

ਤਿਵੇਂ ਹੀ (ਝੂਠ ਬੋਲਕੇ ਜਾਂ ਮੁਕੱਦਮੇ ਦੀ ਗਵਾਹੀ ਦੇਕੇ ਜਾਂ ਹੋਰ ਕਿਸੇ ਪ੍ਰਕਾਰ ਗਰੀਬ ਮਾਰ ਕਰਕੇ) ਜਗਤ ਨੂੰ ਹਰਾਮ ਮਾਇਆ ਦੀ (ਬਿਰਤ) ਉਪਜੀਵਕਾ ਵਾਲੀ (ਕਿਰਤ) ਕਾਰ ਕਰਨੀ (ਵਿਕਾਰ) ਦੁਖਦਾਇਕ ਹੈ ਅਤੇ ਦਸਾਂ ਨਵਾਂ ਦੀ ਹਥ ਦੀ ਕਿਰਤ ਕਰਨੀ ਗੁਰੂ ਕੇ ਸਿਖਾਂ ਨੂੰ (ਸੁਭੰਗ) ਸਾਰਿਆਂ ਅੰਗਾਂ ਵਿਚ (ਪਰ ਉਪਕਾਰ) ਸੁਖਦਾਇਕ ਹੈ ॥ ੧੯੫ ॥

ਸਾਧਾਂ ਦੀ ਸੰਗਤ ਵਿਚ ਅਸਾਧਾਂ ਦਾ ਦਿਲ ਕਿਵੇਂ ਨਹੀਂ ਲਗਦਾ ਜਿਵੇਂ ਮੂਹਰੇ ਵਰਨਨ ਹੈ ॥

ਕਾਗ ਜੌ ਮਰਾਲ ਸਭਾ ਜਾਇ ਬੈਠੇ ਮਾਨਸਰ

ਦੁਚਿਤ ਉਦਾਸ ਬਾਸ ਆਸ ਦੁਰਗੰਧ ਕੀ ।

ਜੇ ਕਾਂ ਹੰਸਾਂ ਦੀ ਸਭਾ ਤਾਲ ਤੇ ਜਾ ਬੈਠੇ ਤੇ ਤਦ ਵੀ ਮਨ ਉਦਾਸ ਕਰਕੇ ਖੋਟੀ ਸੜਾਂਦੀ ਗੰਦ ਦੀ ਆਸਾ ਤੇ ਉਦਾਸ ਹੋਕੇ ਵਸਦਾ ਹੈ ॥ ਵਾਰ ੨੫ ਤੋਂ ੨੬ ਦੀ ਤੁਕ ਦੀ ਪੌੜੀ ਵੇਖੋ ॥

ਸ੍ਵਾਨ ਜੌ ਬੈਠਾਈਐ ਸੁਭਗ ਪਰਯੰਕ ਪਰ

ਚਾਕੀ ਚਾਟਿ ਜਾਇ ਚਾਹੈ ਹੀਨ ਮਤਿ ਅੰਧ ਕੀ ।

(ਸੁਨ) ਕੁੱਤਾ (ਪਹਰਾਂਦਾ) ਸੌਂਦਾ। ਜਿਉਂ ਕਰ ਕੁੱਤੇ ਨੂੰ ਸਿੰਘਾਸਨ ਤੇ ਬਠਾਈਏ ਤਾਂ ਵੀ ਅੰਨ੍ਹਾ ਆਮਲ ਤੋਂ ਰਹਿਤ (ਕੁੱਤਾ) ਛਡਕੇ ਚੱਕੀ ਚਟਨ ਜਾਂਦਾ ਹੈ ॥ ਵਾਰ ੩੫ ਪੌੜੀ ੧ ਕੁੱਤਾ ਰਾਜ ਬਹਾਲੀਐ ਫਿਰ ਚੁਲੀ ਚਟੈ।
ਵਾਰ ੧੯ ਪੌੜੀ ੨੧ ॥ ਕੁਤੇ ਚੰਦੀ ਚੱਟਦੀ ਚੁਕ ਨ ਸਿੰਧੀ ਚੋਲਣ ਪੀਵੈ।

ਗਰਧਭ ਅੰਗ ਅਰਗਜਾ ਜੈਸੇ ਲੇਪ ਕੀਜੈ
ਲੋਟਤ ਭਸਮ ਸੰਗ ਹ੍ਵੈ ਕੁਟੇਵ ਕੇਹ ਕੀ।

ਫਿਰ ਜੇਕਰ ਖੋਤੇ ਦੇ ਅੰਗ ਬਹੁਤੀਆਂ ਸੁਗੰਧੀਆਂ ਨਾਲ ਲਿੰਬ ਦਈਏ ਤੇ ਤਦ ਵੀ ਸਰੀਰ ਦੇ ਖੋਟੇ ਸੁਭਾਵ ਕਰਕੇ ਸੁਆਹ ਵਿਚ ਲੇਟਦਾ ਹੈ (ਸੁਖਮਨੀ ਗੁਰੂ ੫) ਚੰਦਨ ਲੇਪੁ ਉਤਾਰੈ ਧੋਇ। ਗਰਧਭ ਪ੍ਰੀਤਿ ਭਸਮ ਸੰਗਿ ਹੋਇ ॥ (ਵਾਰ ੩੫ ਪੌੜੀ ੧ ਪੰਗਤੀ ੪) ਚੋਆ ਚੰਦਨ ਪਰਹਰੈ ਖਰ ਖੇਹ ਪਲੱਟੈ ॥

ਤੈਸੇ ਹੀ ਅਸਾਧ ਸਾਧ ਸੰਗਤਿ ਨ ਪ੍ਰੀਤਿ ਚੀਤ
ਮਨਸਾ ਉਪਾਧ ਅਪਰਾਧ ਸਨਬੰਧ ਕੀ ॥੩੯੬॥

ਤਿੱਕੁਰ ਹੀ ਅਸਾਧਾਂ ਦੀ ਸਾਧਸੰਗਤ ਨਾਲ ਚਿਤ ਕਰਕੇ ਪ੍ਰੀਤੀ ਨਹੀਂ ਹੋਵੀ ਕਿਉਂਕਿ ਉਨ੍ਹਾਂ ਦੀ (ਮਨਸਾ) ਬੁਰੀ ਦੀਆਂ ਵਾਸਨਾਂ (ਵਲਾਕਾਂ) ਉਪਾਧੀਆਂ ਅਪਰਾਧਾਂ ਦੇ (ਸਨਬੰਧ) ਮੇਲ ਵੀਆਂ ਹੁੰਦੀਆਂ ਹਨ ॥ ੩੯੬ ॥

ਗੁਰੂ ਪ੍ਰਮਾਤਮਾ ਦੇ ਲੱਛਣ

ਨਿਰਾਧਾਰ ਕੋ ਅਧਾਰ, ਆਸਰੋ ਨਿਰਾਸਨ ਕੋ
ਨਾਥ ਹੈ ਅਨਾਥਨ ਕੋ ਦੀਨ ਕੋ ਦਯਾਲ ਹੈ।

(੧)ਭੁਖਿਆਂ ਨੂੰ ਅੰਨ ਦੇਣ ਵਾਲਾ ਹੈ। (੨)ਨਿਆਸਰਿਆਂ ਨੂੰ ਆਸਰਾ ਦੇਣ ਵਾਲਾ ਹੈ। (੩)ਅਨਾਥਾਂ ਦਾ ਨਾਥ ਹੈ। (੪)ਗਰੀਬਾਂ ਤੇ ਦਯਾ ਦਾ ਘਰ ਹੈ

ਅਸਰਨ ਸਰਣ ਔ ਨਿਰਧਨ ਕੋ ਹੈ ਧਨ
ਅੰਧਨ ਕੀ ਟੇਕ ਔ ਕ੍ਰਿਪਨ ਕ੍ਰਿਪਾਲ ਹੈ।

(੧) ਜਿਨਾਂ ਨੂੰ ਕੋਈ ਸਰਣ ਨਾ ਦੇਵੇ ਉਨ੍ਹਾਂ ਨੂੰ ਪਾਸ ਬਹਾਲਣ ਵਾਲਾ ਹੈ। (੨) ਜਿਨ੍ਹਾਂ ਪਾਸ ਧਨ ਨਾ ਹੋਵੇ ਉਨ੍ਹਾਂ ਦਾ ਓਹ ਧਨੀ ਹੈ। (੩) ਅੰਨ੍ਹਿਆਂ (ਸੂਰਦਾਸਾਂ) ਦੀ ਸੋਟੀ ਹੈ। (੪) ਅਤਯੰਤ ਗਰੀਬਾਂ ਤੇ ਕ੍ਰਿਪਾ ਦਾ ਘਰ ਹੈ॥

ਅਕ੍ਰਿਤਘਨ ਕੋ ਦਾਤਾਰ ਪਤਿਤ ਪਾਵਨ ਪ੍ਰਭ
ਨਰਕ ਨਿਵਾਰਨ ਪ੍ਰਤੱਗਯਾ ਪ੍ਰਤਿਪਾਲ ਹੈ।

(੧) ਛਾਯਾ ਤੇ ਆਸਰਾ ਵਾਲਿਆਂ ਦਾ ਰਾਖਾ ਹੈ। (੨) ਔਗੁਣਾਂ ਦੇ ਪਵਿੱਤ੍ਰ ਕਰਨ ਵਾਲਾ ਸੁਆਮੀ ਹੈ। (੩) ਨਰਕਾਂ ਦੇ ਦੁਖ ਨੂੰ ਦੂਰ ਕਰਨ ਵਾਲਾ ਹੈ। (੪) ਆਪਣੇ ਬਚਨ ਦੇ ਕੌਲ ਨੂੰ ਨਿਬਾਹੁਣ ਵਾਲਾ ਹੈ॥

ਅਵਗੁਨ ਹਰਨ ਕਰਨ ਕਰਤਗਤ ਸ੍ਵਾਮਿ
ਸੰਗੀ ਸਰਬੰਗ ਰਸ ਰਸਕ ਰਸਾਲੁ ਹੈ॥ ੨੯੭॥

(੧) ਔਗੁਣਾਂ ਦੇ ਨਾਸ ਕਰਨ ਵਾਲਾ ਹੈ। (੨) ਸਭ ਕੰਮਾਂ ਦੇ ਕਰਨ ਵਾਲਾ ਤੇ ਘਟ ਦੇ ਦਾ ਜਾਣਦਾ ਹੈ ਸੁਆਮੀ। (੩) ਸਾਰਿਆਂ ਦਾ ਸਾਥੀ ਅਤੇ ਸਾਰਿਆਂ ਦਾ ਪੱਖ ਕਰਨ ਵਾਲਾ ਹੈ। (੪) ਰਸਾਂ ਨੂੰ ਰਸੀਆ ਅਤੇ ਰਸਾਂ ਦਾ ਘਰ ਹੈ॥ ੨੯੭॥

ਅਸਾਧਾਂ ਦੀ ਸੰਗਤ ਅਤੇ ਪ੍ਰੀਤੀ ਇੱਕੁਰ ਦੁਖਦਾਈ ਹੈ ਜਿੱਕੁਰ ਅੱਗੇ ਦਰਸਾਉਂਦੇ ਹਨ॥

ਕੋਇਲਾ ਸੀਤਲ ਕਰ ਕਰਤ ਹੈ ਸ੍ਯਾਮ ਗਹਿ
ਪਰਸ ਤਪਤ ਪਰ ਦਗਧ ਕਰਤ ਹੈ।

ਜਿੱਕੁਰ ਠੰਢਾ ਕੋਲਾ (ਕਰ) ਹਥ ਵਿਚ ਫੜੀਏ ਤਾਂ ਕਾਲਾ ਕਰਦਾ ਹੈ ਅਤੇ ਜੇ (ਤਪਤ) ਤੱਤੇ ਨੂੰ (ਪਰਸ) ਛੋਹੀਏ ਤਾਂ ਸਾੜਦਾ ਹੈ॥

ਠੰਢਾ ਤੱਤਾ ਕੋਇਲਾ ਕਾਲਾ ਕਰਕੈ ਹਥ ਜਲਾਵੈ। (ਵਾਰ ੨੨ ਪੌੜੀ ੧)

ਕੂਕਰ ਕੇ ਕਾਟਤ ਕਲੇਵਰ ਕੌ ਲਾਗੈ ਰੋਗ
ਚਾਟਤ ਸਰੀਰ ਪੀਰ ਧੀਰ ਨ ਧਰਤ ਹੈ।

(ਕਲੇਵਰ) ਸਰੀਰ। ਕੁੱਤੇ ਦੇ ਕੱਟਣ ਨਾਲ ਸਰੀਰ ਅਪਵਿੱਤ੍ਰ ਹੁੰਦਾ ਹੈ ਅਤੇ ਜੇ ਦੁਰਕਾਰੀਏ ਤਾਂ ਵੱਢਦਾ ਹੈ ਅਤੇ ਸਰੀਰ ਨੂੰ ਇੱਕੁਰ ਦੀ ਪੀੜਾ ਹੁੰਦੀ ਹੈ ਕਿ ਧੀਰਜ ਭੀ ਨਹੀਂ ਧਾਰੀ ਜਾਂਦੀ।

ਕਟਣ ਚੱਟਣ ਕੁਤਿਆਂ ਕੂੜ ਹਲਕਤੈ ਮਨੁ ਸੋਗਾਵੈ॥ ਵਾਰ ੩੨ ਪੌੜੀ ੯

ਫੂਟਤ ਜੈਸੇ ਗਾਗਰ ਹੈ ਪਰਤ ਪਾਖਾਨ ਪਰ
ਪਾਹਨ ਪਰਤ ਪੁਨ ਗਾਗਰ ਫਰਤ ਹੈ।

(ਪਾਖਾਨ) ਪਾਹਨ (ਪੱਥਰ)। ਜਿੱਕੁਰ ਪੱਥਰ ਤੇ ਡਿਗਦਿਆਂ ਸਾਰ ਹੀ ਗਾਗਰ ਟੁਟ ਜਾਂਦੀ ਹੈ ਜੇ ਪੱਥਰ ਗਾਗਰ ਤੇ ਪਵੇ ਤਾਂ ਵੀ ਗਾਗਰ ਹੀ ਟੁਟਦੀ ਹੈ। ਤੇ ਜੇ ਗਾਗਰ ਪੱਥਰ ਤੇ ਪਵੇ ਤਾਂ ਭੀ ਗਾਗਰ ਹੀ ਟੁਟਦੀ ਹੈ।

ਪੱਥਰ ਘੜੇ ਵਰਤਣਾ ਦੁਹ ਕੁਹੇ ਹੋਇ ਘੜਾ ਵਟੀਐ।

ਤੈਸੇ ਹੀ ਅਸਾਧ ਸੰਗ ਪ੍ਰੀਤਿ ਹੂੰ ਬਿਰੋਧ ਸੋਊ

ਲੋਕ ਪਰਲੋਕ ਦੁਖ ਦੋਖ ਨ ਟਰਤ ਹੈ ॥ ੨੯੦ ॥

ਤਿਕੁਰ ਹੀ ਅਸਾਧਾਂ ਦੇ ਨਾਲ ਪ੍ਰੀਤੀ ਕਰਨੀ ਅਤੇ (ਬਿਰੋਧ) ਵੈਰ ਕਰ
ਨਾ ਬੁਰਾ ਹੈ ਕਿਉਂਕਿ ਇਸ ਲੋਕ ਵਿਚ ਦੁਖ ਅਤੇ ਪਰਲੋਕ ਵਿਚ ਦੂਸ਼ਨ ਕਦੀ
(ਟਰਤ) ਟਲਦੇ (ਜਿਹੜੇ ਕਿ ਮਨਮੁਖਾਂ ਦੇ ਸੰਗ ਸ਼ਾਮਲ ਹੁੰਦੇ ਹਨ) ॥੨੯੦॥

ਅਸਾਧਾਂ ਦੇ ਸੰਗ ਕਰਕੇ ਪੁੰਨ ਬਿਫਲ ਪਰ ਜਾਂਦੇ ਹਨ, ਜਿਕੁਰ ਦੁਰਦੇ
ਦਰਸਨ ਹੈ ॥

ਫੱਤੂ ਕੇ ਬਦਲੇ ਜੈਸੇ ਫਟਕਨਾ ਕੀ ਫਾਂਕਿ ਲੈਨੋ

ਹੀਰਾ ਅਮੋਲ ਬਦਲੇ ਫਟਕ ਕੈ ਪਾਈਐ ॥

ਜਿਕੁਰ ਕਿਸੇ ਰਾਜ ਭਾਗ ਦੇ ਫਤੂ (ਕਟਲੀ) ਵੱਟੇ ਸੱਟੇ (ਫਟਕਨਾ)
ਭਾਲਰੋ ਦੇ ਪਦ ਖਹਿੜੇ ਦੀ ਫਾਂਕ ਬਹਿਣ ਅਤੇ ਅਮੋਲਕ ਹੀਰੇ ਦੇ ਵੱਟੇ
(ਫਟਕ) ਟੁਟਾ ਹੋਯਾ (ਸ਼ੀਸ਼ਾ) ਬਲੌਰ ਪਾ ਲਈਏ ॥

ਜੈਸੇ ਮਨਿ ਕੰਚਨ ਕੇ ਬਦਲੇ ਕਾਚ ਗੁੰਜਾਫਲ

ਕਾਮਰੀ ਪਟੰਬਰ ਕੇ ਬਦਲੇ ਓਢਾਈਐ ॥

(੨) ਜਿਕੁਰ (ਮਨਿ) ਮਣੀਆਂ ਬਦਲੇ (ਗੁੰਜਾਫਲ) ਰਤੀਆਂ (
(ਕੰਚਨ) ਸੋਨੇ ਬਦਲੇ (ਕਾਚ) ਬਲੌਰ (ਤੇ) ਕਾਮਰੀ ਕੰਬਲੀ ਕਾਲੀ
ਨੂੰ (ਪਟੰਬਰ) ਰੇਸ਼ਮ ਦਾ ਕਪੜਾ (ਓਢਾਈਐ) ਉਤੇ ਲਈਏ ॥

ਸੁਧਾ ਮਿਸਟਾਨ ਪਾਨਕੇ ਬਦਲੇ ਕਟੀ ਫਲ

ਕੇਸਰ ਕਪੂਰ ਜੈਸੇਂ ਕਕੂਰ ਲੈ ਲਗਾਈਐ ॥

ਅੰਮ੍ਰਿਤ ਮਿਠੇ ਦੇ ਪੀਣੇ ਦੇ ਬਦਲੇ ਭੋਲੇ ਅਤੇ ਕੇਸਰ ਕਪੂਰ ਦੇ ਬਦਲੇ
ਜਿਕੁਰ ਕਕੂਰ ਨੂੰ ਲੈਕੇ ਲਾਈਏ ॥

ਤੈਸੇ ਤ ਅਸਾਧ ਸੁਖ ਸੁਕ੍ਰਿਤ ਸੂਖਮ ਹੋਤ

ਸਾਗਰ ਅਥਾਹ ਜੈਸੇ ਬੇਲੀਮੈ ਸਮਾਈਐ॥੨੯੧॥

ਤੈਸਿਆਂ ਸਾਧੂਆਂ ਦੇ ਨਾਲ ਮੇਲ ਕਰਨ ਕਰਕੇ ਸੁਖ ਅਤੇ ਪੁੰਨ ਜਿਕੁਰ
ਥੋੜੇ ਹੋ ਜਾਂਦੇ ਹਨ ਜਿਕੁਰ ਅਥਾਹ ਹੀ ਡੂੰਘਾ ਸਮੁੰਦ੍ਰ ਲਟੋਰ ਵਿਚ ਮਿਲਦਾ ਹੈ ॥
ਸੰਗ ਅਸਾਧਾਂ ਦਾ ਇਕੁਰ ਦਾ ਸਮਝਦੇ ਹੈ ਜਿਕੁਰ ਸੁਣਕੇ ਵਰਨਨ ਹੈ ॥

ਕੰਚਨ ਕਲਸ ਜੈਸੇ ਘਾਏ ਭਏ ਸੂਧੇ ਹੋਇ
ਮਾਟੀ ਕੇ ਕਲਸ ਫੂਟੇ ਜੁਰੈ ਨ ਜਤਨ ਸੈ ॥

ਜਿਵੇਂ ਕਰ ਸੋਨੇ ਦਾ ਘੜਾ ਵਿੰਗਾ ਹੋਇਆ ੨ ਭੀ ਸਿਧਾ ਹੋ ਜਾਂਦਾ ਹੈ ਅਤੇ ਮਿੱਟੀ ਦਾ ਘੜਾ ਟੁਟਾ ਹੋਇਆ ਅਨੇਕਾਂ ਹੀ ਜਤਨਾਂ ਕਰਕੇ ਭੀ ਨਹੀਂ ਜੁੜਦਾ।

ਬਸਨ ਮਲੀਨ ਧੋਇ ਨਿਰਮਲ ਹੋਤ ਜੈਸੇ
ਊਜਰੀ ਨ ਹੋਤ ਕਾਰੀ ਕਾਂਬਰੀ ਪਤਨ ਸੈ ॥

ਜਿਵੇਂ ਕਰ ਮੈਲਾ ਕਪੜਾ ਧੋਣ ਕਰਕੇ ਚਿਟਾ ਹੋ ਜਾਂਦਾ ਹੈ ਅਤੇ ਕਾਲੀ ਕੰਬਲੀ ਧੋਇਆਂ=ਪਾਣੀ ਨਾਲ ਭੀ ਚਿਟੀ ਨਹੀਂ ਹੁੰਦੀ "ਮੂਤ ਪਲੀਤੀ ਕਪੜ ਹੋਇ। ਦੇ ਸਾਬੂਣੁ ਲਈਐ ਓਹੁ ਧੋਇ" (ਗੁਰੂ ੧ ਜਾਪੁ)। ਪਰ ਕਾਲਾ ਕੰਬਲ ਉਜਲਾ ਕਿਉ ਹੋਇ ਸਬੂਣੇ। ਵਾਰ ਭਾਈ ਗੁਰਦਾਸ ਜੀ ੩੫ ਪੌੜੀ ੨ ਕੰਨਲੀ ਧੋਤੀ ਉਜਲੀ ਨ ਥੀਵਈ ਜੇ ਸਉ ਧੋਵਣਿ ਪਾਹਿ ॥

(ਵਾਰ ਸੋਰਠ ਗੁਰੂ ੩)

ਲਕਰੀ ਅਗਨਿ ਜੈਸੇ ਸੇਕਤ ਹੀ ਸੂਧੀ ਹੋਇ
ਸੁਆਨ ਪੂਛ ਪਟੰਤਰੋ ਪ੍ਰਗਟ ਮਨਤ ਨ ਸੈ ॥

ਜਿਵੇਂ ਕਰ ਅੱਗ ਉਤੇ ਸੇਕਣ ਕਰਕੇ ਬਾਂਸ ਦੀ ਸੋਟੀ ਸਿਧੀ ਹੋ ਜਾਂਦੀ ਹੈ ਅਤੇ (ਸੁਆਨ) ਕੁਤੇ ਦੀ ਪੂਛ (ਪਟੰਤਰੋ) ਬਰਾਬਰ ਸਿਧੀ ਲਕੜੀ ਦੇ ਨਾਲ ਨਹੀਂ ਹੋਂਦਾ ਪ੍ਰਗਟ ਹੀ (ਮਨਤ) ਮੰਨਦੀ ॥

ਪੂਛ ਨ ਸਿਧੀ ਪੂੰਗਣ ਕੁਤੇ। ਵਾਰ ੩੫ ਪੌੜੀ ੧੧

ਤੈਸੇ ਗੁਰ ਸਿਖਨ ਸੁਭਾਉ ਜਲ ਮੈਨ ਗਤਿ
ਸਾਕਤ ਸੁਭਾਉ ਲਾਖ ਪਾਹਨ ਗਤਨ ਸੈ ॥੨੯੦॥

(ਮੈਨ) ਮੋਮ (ਪਾਹਨ) ਪਥਰ। ਤਿਵੇਂ ਕਰ ਹੀ ਗੁਰਸਿਖਾਂ ਦਾ ਸੁਭਾਉ ਪਾਣੀ ਵਤ ਠੰਢਾ ਅਤੇ ਮੋਮ ਵਤ ਨਰਮ ਹੈ ਅਤੇ (ਸਾਕਤ) ਕਰੜੇ ਦਿਲ ਵਾਲੇ ਮਨੁਖਾਂ ਦਾ ਸੁਭਾਉ ਕਿੱਕਰ ਆਦਿਕਾਂ ਦੀ ਲਾਖ ਵਤ ਅਤੇ ਪੱਥਰ ਵਤ ਕਰੜਾ ਹੈ ਕਦੀ ਭੀ (ਗਤਨ) ਨਰਮਤਾਈ ਵਲ ਨਹੀਂ ਚਲੇਗਾ ॥ ੨੯੦ ॥

ਅਸਾਧ ਵਿਕਾਰੀ ਅਤੇ ਸਾਧ ਉਪਕਾਰੀ ਹੁੰਦੇ ਹਨ ॥

ਲੋਹਾ ਜੈਸੇ ਕਾਜੈ ਗਾਜ ਸਸਤ੍ਰ ਧਨੁਖ ਬਾਨ
ਲੋਹਾ ਜੈਸੇ ਗਾਜ ਬੰਗ ਖਿਅਥ ਸਨਾਹ ਜੀ ॥

ਕੋਈ [illegible] ਵੇਚਦਾ ਹੈ ਅਤੇ ਕੋਈ [illegible]
[illegible] ਦੀਆਂ ([illegible]) [illegible] ਵੇਚਦਾ ਹੈ ॥

ਕੋਊ ਬੇਚੈ ਗੋਰਸ ਦੁਗਧ ਦਧਿ ਘ੍ਰਿਤ ਨਿਤ
ਕੋਊ ਬੇਚੈ ਬਾਰੁਨੀ ਬਿਖਮ ਸਮਾਧਾਨ ਜੀ ॥

ਕੋਈ ਮੱਖਣ, ਦੁੱਧ, ਦਹੀਂ, ਘਿਉ, ਸਦਾ ਹੀ ਵੇਚਦਾ ਹੈ ਅਤੇ ਕੋਈ ਸ਼ਰਾਬ, ਇਨ੍ਹਾਂ ਦਾ [illegible] ਦੇਖੀਏ ਤਾਂ [illegible] ਹੈ [illegible] ਵੇਚਣ ਵਾਲੇ ਨੂੰ ਸ਼ਰਾਬ ਦਾ ਫਲ ਅਤੇ ਦੁੱਧ ਵੇਚਨ ਵਾਲੇ ਨੂੰ ਦੁੱਧ ਦਾ ॥

ਤੈਸੇ ਹੀ ਬਿਕਾਰੀ ਉਪਕਾਰੀ ਹੈਂ ਅਸਾਧ ਸਾਧ
ਬਿਖਿਆ ਅੰਮ੍ਰਿਤ ਬਨ ਦੇਖੇ ਅਵਗਾਹ ਜੀ ॥

ਤਿਵੇਂ ਹੀ ਅਸਾਂ (ਅਵਗਾਹ) ਵਿਚਾਰਕੇ ਵੇਖਿਆ ਹੈ ਕਿ ਅਸਾਧ ਵਿਕਾਰੀ (ਬਿਖਿਆ) ਵਿਹੁ ਦਾ (ਬਨ) ਜੰਗਲ ਹਨ ਅਤੇ ਸਾਧ ਉਪਕਾਰੀ ਅੰਮ੍ਰਿਤ ਦਾ ਬਨ ਖੂਹ ਪਾਣੀ ਹਨ ॥ ਭਾਵ—ਗੁਰਮੁਖਾਂ ਵਿਚ ਅੰਮ੍ਰਿਤ ਵਾਕੁਰ ਬਹੁਤ ਉਪਕਾਰ ਹੈ ਅਤੇ ਮਨਮੁਖਾਂ ਵਿਚ ਵਿਹੁ ਵਾਕੁਰ ਬਹੁਤ ਵਿਕਾਰ ਹਨ ॥

ਆਤਮਾ ਅਚੇਤ ਪੰਛੀ ਧਾਵਤ ਚਤੁਰ ਕੁੰਟ
ਜੈਸੋ ਬ੍ਰਿਛ ਬੈਠੇ ਤੈਸੋ ਚਾਖੇ ਫਲ ਤਾਹਜੀ ॥੩੯੧॥

ਤਿਵੇਂ ਹੀ (ਆਤਮਾ) ਮਨ (ਅਚੇਤ) ਮੂਰਖ ਪੰਛੀ ਵਾਕੁਰ ਚਾਰੋਂ ਕੂੰਟਾਂ ਵਿਚ ਭੌਂਦਾ ਫਿਰਦਾ ਹੈ ਜਿਵੇਂ ਦੇ ਦਰਖਤ ਉਤੇ ਬਹਿੰਦਾ ਹੈ ਉਸੇ ਤਰ੍ਹਾਂ ਦਾ ਉਸ ਬ੍ਰਿਛ ਦੇ ਫਲ ਦਾ ਸੁਆਦ ਚਖਦਾ ਹੈ ॥ ੩੯੧ ॥

"ਕਹੈ ਕਬੀਰੁ ਸੁਨਹੁ ਰੇ ਸੰਤਹੁ ਇਹੁ ਮਨੁ ਉਡਨ ਪੰਖੇਰੂ ਬਨਖੰਡਿ"
(ਕਬੀਰ ਜੀ ਮਾਰੂ)

ਭੋਲੇ ਭਾਲੇ ਸਿਖ ਗੁਰੂ ਜੀ ਨੂੰ ਜਿਵੇਂ ਪਿਆਰੇ ਲਗਦੇ ਹਨ ਜਿਵੇਂ ਦਾ ਸੁੰਦਰ ਵਰਨਨ ਹੈ ॥

ਜੈਸੇ ਏਕ ਜਨਨੀ ਕੈ ਹੋਤ ਹੈਂ ਅਨੇਕ ਸੁਤ
ਸਭਹੀ ਮੈ ਅਧਿਕ ਪਿਆਰੋ ਸੁਤ ਗੋਦ ਕੋ ॥

ਜਿਵੇਂ ਇਕ ਜਨਨੀ ਮਾਂ ਦੇ ਬਾਹਲੇ ਪੁਤ੍ਰ ਹੁੰਦੇ [illegible] ਵਿਚੋਂ ਬਹੁਤਾ ਪਿਆਰਾ ਪੁਤ੍ਰ ਗੋਦ ਦਾ ਹੁੰਦਾ ਹੈ ॥

ਸਗਨੇ ਸੁਤ [illegible] ਕੇ ਬਿਹਾਰ ਬਿਖੈ

ਗੋਦ ਮੈ ਅਚੇਤ ਹੇਤ ਸੰਪੈ ਨ ਸਹੋਦ ਕੋ ॥

ਸਿਆਣੇ ਪੁਤ੍ਰ ਤਾਂ ਜੇਹੜਾ ਖਹੀਏ ਦੇ ਵਿਹਾਰਾਂ ਵਿਚ ਲਗੇ ਰਹਿੰਦੇ ਹਨ ਅਤੇ ਗੋਦ ਵਿਚ ਜੋ ਪੁਤ੍ਰ ਹੈ ਸੋ (ਸੰਪੈ) ਧਨ ਦੀ ਸਾਂਝੀ ਛਡਿ ਬੈਠੇ ਹੋ (ਅਚੇਤ) ਬੇਖਬਰ ਹੈ ਅਤੇ (ਸਹੋਦ) ਸਕੇ ਭਾਈਆਂ ਦੇ (ਹਿਤ) ਪ੍ਰੇਮ ਤੋਂ ਭੀ ਰਹਿਤ ਹੈ ॥

ਪਲਨਾ ਸੁਵਾਇ ਮਾਇ ਗ੍ਰਿਹ ਕਾਜ ਲਾਗੈ ਜਾਇ
ਸੁਨਿ ਸੁਤ ਰੁਦਨ ਪੈ ਪਿਆਵੈ ਮਨ ਮੋਦ ਕੋ ॥

(ਗ੍ਰਿਹ) ਘਰ । ਛੋਟੇ ਪੁਤ੍ਰ ਨੂੰ ਜਦ ਮਾਂ ਪੰਘੂੜੇ ਉੱਤੇ ਸੁਆਕੇ ਘਰ ਦੇ ਕੰਮ ਜਾ ਲਗਦੀ ਹੈ ਤਾਂ ਜਦ ਪੁਤ੍ਰ ਜਾਗਦਾ ਹੈ ਤਾਂ ਰੋਣ ਲਗ ਪੈਂਦਾ ਹੈ ਤਦ ਮਾਂ ਰੋਣਾ ਸੁਣਕੇ ਅਤੇ ਮਨ ਵਿਚ ਖੁਸ਼ੀ ਕਰਕੇ ਦੁਧ ਪਿਆਉਂਦੀ ਹੈ ॥

ਆਪਾ ਖੋਇ ਹੋਇ ਗੁਰ ਚਰਨ ਸਰਨ ਗਹੇ
ਰਹੇ ਨਿਰਦੋਖ ਮੋਖ ਅਨਦ ਬਿਨੋਦ ਕੋ ॥੨੯੨॥

ਇਸੇ ਤਰ੍ਹਾਂ ਹੀ ਜੇਹੜਾ ਸਿਖ (ਆਪਾ) ਹੰਕਾਰ ਨੂੰ ਖੋ ਕੇ ਗੁਰਾਂ ਦੇ ਚਰਨਾਂ ਦੀ ਸਰਨ (ਗਹੇ) ਫੜਦਾ ਹੈ ਉਹ ਇਸ ਲੋਕ ਵਿਚ ਭੀ ਦੂਸ਼ਣਾਂ ਤੋਂ ਰਹਿਤ ਰਹਿੰਦਾ ਹੈ ਅਤੇ ਪ੍ਰਲੋਕ ਵਿਚ ਭੀ ਅਨੰਦ ਦੇ (ਬਿਨੋਦ) ਤਮਾਸ਼ੇ ਵੇਖਦੇ ਮੁਕਤੀ ਹੁੰਦਾ ਹੈ ॥ ੨੯੨ ॥

ਉਪ੍ਰੋਕਤ ਗੁਰ ਸਿਖ ਬਾਲਕਾਂ ਨੂੰ ਜੋ ਮਾਤਾ ਚੰਗਾ ਵਰਨ ਆਖਦਾ ਹੈ ਉਹ ਉਪਰ ਦਾ ਹੀ ਫਲ ਪਾ ਲੈਂਦਾ ਹੈ ॥

ਕਰਤ ਨ ਇਛਾ ਕਛੁ ਮਿਤ੍ਰ ਸਤ੍ਰਤਾ ਨ ਜਾਨੈ
ਬਾਲ ਬੁਧਿ ਸੁਧਿ ਨਾਹਿ ਬਾਲਕ ਅਚੇਤ ਹੈ ॥

(ਬਾਲਕ) ਕਿਸੇ ਚੀਜ਼ ਦੀ ਇੱਛਾ ਨਹੀਂ ਕਰਦਾ ਅਤੇ ਮਿਤ੍ਰ ਸਤ੍ਰ ਨਹੀਂ ਜਾਣਦਾ ਤੇ ਅਞਾਣੇ ਮੂਰਖ ਦੀ ਅਕਲ ਵਾਲੀ ਅਕਲ ਹੁੰਦੀ ਹੈ ਅਤੇ ਹੋਰ ਕੁਝ ਵਡੀ ਅਕਲ ਦੀ (ਸੁਧ) ਖਬਰ ਨਹੀਂ ਹੁੰਦੀ ॥

ਅਸਨ ਬਸਨ ਲੀਏ ਮਾਤਾ ਪਾਛੈ ਲਾਗੀ ਡੋਲੈ
ਬੋਲੈ ਮੁਖ ਅੰਮ੍ਰਿਤ ਬਚਨ ਸੁਤ ਹੇਤ ਕੈ ॥

ਰੋਟੀ ਕਪੜੇ ਲੈਕੇ ਮਾਂ ਪੁਤ੍ਰ ਦੇ ਪਿਛੇ ਲਗੀ ਫਿਰਦੀ ਹੈ ਅਤੇ ਪੁਤ੍ਰ ਨਾਲ ਪ੍ਰੇਮ ਕਰਨ ਲਈ ਮੁਖੋਂ ਅੰਮ੍ਰਿਤ ਵਰਗੇ ਮਿਠੇ ਬਚਨ ਬੋਲਦੀ ਹੈ ॥

ਬਾਲ ਕੈ ਅਸੀਸ ਦੇਨਹਾਰੀ ਅਤਿ ਪਿਆਰੀ ਲਾਗੈ

ਗਾਹ ਦੈਨ ਹਾਰੀ ਬਲਿਹਾਰੀ ਡਾਰੀ ਸੇਤ ਕੈ ॥

ਜਿਹੜੀ ਇਸਤ੍ਰੀ ਬਾਲਕ ਨੂੰ ਅਸੀਸ ਦੇਂਦੀ ਹੈ ਓਹ ਕਾਹਣੀ ਪਿਆਰੀ ... ਵਾਲੀ ਹੈ ਅਤੇ ਗਾਲ੍ਹੀ ਦੇਣ ਵਾਲੀ ਬੁਰੀ ਮਾਲੂਮ ਦੇ ਪਿੱਛੇ ਕਾਟੇ ... ਦੌਰਨ ਕਰ ਸੁਣਦੀ ਹੈ ॥

ਤੈਸੇ ਗੁਰ ਸਿਖ ਸਮ ਦਰਸੀ ਅਨੰਦ ਮਈ
ਜੈਸੇ ਜਲ ਮਾਨੈ ਤੈਸੇ ਲਾਗੈ ਫਲ ਖੇਤ ਕੈ ॥੯੮॥

ਤਿਵੇਂ ਹੀ ਗੁਰਾਂ ਦੇ ਸਿਖ ਜੋ ਅਨੰਦ (ਮਈ) ਸਰੂਪ ਅਤੇ ਸਮਾਨ ਦ੍ਰਿਸ਼ਟੀ ਵਾਲੇ ਹਨ ਉਨ੍ਹਾਂ ਨੂੰ ਜਿਹਾ ਕੁ ਜਗਤ ਜਾਣਦਾ ਹੈ ਤਿਹਾ ਕੁ ਤਿਸਨੂੰ ... ਦੇ ਖੇਤ ਫਲ ਜ਼ਰੂਰ ਲਗ ਜਾਂਦਾ ਹੈ ॥ ੯੮ ॥

ਗੁਰਾਂ ਦੇ ਸਿਖ ਗੁਰਾਂ ਨੂੰ ਮਿਲਕੇ ਇਕੱਠ ਦੇ ਹੁੰਦੇ ਹਨ ਜਿਵੇਂ ਸੂਰਜ ... ਰੋਸ਼ਨ ਹੈ ॥

ਜੈਸੇ ਦਰਪਨ ਦਿਬਿ ਸੂਰ ਸਨਮੁਖ ਰਾਖੈ
ਪਾਵਕ ਪ੍ਰਗਾਸ ਹੋਤ ਕਿਰਨ ਛਰਿੱਤ੍ਰ ਕੈ ॥

(ਦਰਪਨ ਦਿਬ) ਅਗ ਵਾਲਾ ਸ਼ੀਸ਼ਾ (ਪਾਵਕ) ਅਗਨੀ। ਜਿਵੇਂ ਅਤਸ਼ੀ ਸ਼ੀਸ਼ੇ ਨੂੰ ਸੂਰਜ ਦੇ ਸਾਮਣੇ ਰਖੀਏ ਤਾਂ ਕਿਰਨਾਂ ਦੇ ਛਾਪੇ ਨਾਲ ਅਗ ਬਲ ਪੈਂਦੀ ਹੈ ॥

ਜੈਸੇ ਮੇਘ ਬਰਸਤ ਭੂਮਿਧਰਾ ਬਿਰਾਜੈ
ਬਿਬਿਧ ਬਨਾਸਪਤੀ ਸਫਲ ਸੁਮਿੱਤ੍ਰ ਕੈ ॥

(ਭੂਮਿਧਰਾ) ਧਰਤੀ। ਜਿਵੇਂ ਮੀਂਹ ਪੈਣ ਨਾਲ ਧਰਤੀ ਸੋਹਣੀ ਵਰਾਜ ਦੀ ਹੈ ਅਤੇ (ਬਿਬਿਧ) ਨਾਨਾ ਤਰਾਂ ਦੀ ਜੋ ਬਨਸਪਤੀ ਹੈ ਸੋ ਆਪੋ ਵਿਚ ਹੀ ਮਿਤ੍ਰ ਭਾਈ ਕਰਕੇ ਸਹਿਤ ਫਲਾਂ ਦੇ ਹੁੰਦੀ ਹੈ ॥

ਭੇਟਤ ਭਤਾਰ ਨਾਰਿ ਸੋਭਤ ਸਿੰਗਾਰ ਚਾਰ
ਪੂਰਨ ਅਨੰਦ ਸੁਤ ਉਦਤਿ ਬਹਿੱਤ੍ਰ ਕੈ ॥

ਪਤੀ ਨਾਲ ਮਿਲਕੇ ਇਸਤ੍ਰੀ ਦਾ ਸੋਹਣਾ ਸਿੰਗਾਰ ਸੋਭਦਾ ਹੈ ਅਤੇ ... ਪੁਤ੍ਰ ਜੰਮਦਾ ਹੈ ਤਾਂ ਬਹੁਤ ਤਰਾਂ ਦੇ ਪੂਰੇ ਅਨੰਦ ਹੁੰਦੇ ਹਨ ॥

ਸਤਗੁਰ ਦਰਸ ਪਰਸ ਬਿਗਾਸਤ ਸਿਖ

ਪ੍ਰਾਪਤ ਨਿਧਾਨ ਗਿਆਨ ਪਾਵਨ ਪਵਿੱਤ੍ਰ ਕੈ॥੨੯੪॥

ਇਕੁਰ ਹੀ ਸਤਗੁਰਾਂ ਦੇ ਦਰਸ਼ਨ ਪਰਸਨ ਨਾਲ ਸਿਖ (ਚਿਰਜੀਵੀ) ਸੁਖੀ (ਅਨੰਦ) ਹੁੰਦੇ ਹਨ ਅਤੇ ਸਤਗੁਰਾਂ ਦਾ (ਪਾਵਨ) ਪਵਿਤ੍ਰ ਤੇ ਗਿਆਨ ਰੂਪ (ਨਿਧਾਨ) ਖਜਾਨਾ ਪ੍ਰਾਪਤ ਹੁੰਦਾ ਹੈ ਤੇ ਤਾਂ ਸਿਖ ਜਨਮ ਮਰਨ ਦੇ ਦੁਖ ਤੋਂ ਛੂਟ ਜਾਂਦੇ ਹਨ ॥ ੨੯੪ ॥

ਗੁਰ ਸਿਖ ਸਾਰਿਆਂ ਨੂੰ ਆਪਣਾ ਰੂਪ ਜਾਣਕੇ ਇੱਕੁਰ ਪੂਜਦੇ ਹਨ ਇੱਕੁਰ ਮੂਹਰੇ ਵਰਨਣ ਹੈ ॥

ਜੈਸੇ ਕੁਲਾ ਬਧੂ ਬੁਧਵੰਤ ਸੁਸਰਾਰ ਬਿਖੈ
ਸਾਵਧਾਨ ਚੇਤਨ ਰਹੈ ਅਚਾਰ ਚਾਰ ਕੈ ॥

ਜਿਕੁਰ ਉਚੀ ਕੁਲ ਦੀ ਇਸਤ੍ਰੀ ਅਕਲ ਵਾਲੀ ਸਹੁਰਿਆਂ ਦੇ ਘਰ ਵਿਚ ਸ਼ੁਭ ਕੰਮਾਂ ਵਿਚ ਤਕੜੀ ਤਿਆਰ ਬਰ ਤਿਆਰ ਰਹਿੰਦੀ ਹੈ ॥

ਸਸੁਰ ਦੇਵਰ ਜੇਠ ਸਕਲ ਕੀ ਸੇਵਾ ਕਰੈ
ਖਾਨ ਪਾਨ ਗਿਆਨ ਜਾਨ ਪਤਿ ਪਰਵਾਰ ਕੈ ॥

(ਪ੍ਰਿਅ) ਪਤੀ ਦਾ ਪਰਵਾਰ (ਗਿਆਨ) ਜਾਣਕੇ ਸਾਰਿਆਂ (ਸਹੁਰੇ, ਦੇਉਰ, ਜੇਠ, ਆਦਕ) ਦੀ ਸੇਵਾ ਖਾਣ ਪੀਣ ਦੀ ਕਰਦੀ ਹੈ ॥

ਮਧੁਰ ਬਚਨ ਗੁਰਜਨ ਸੈਂ ਲਵੰਨ ਲਜਾ
ਸੇਜਾ ਸਮੈ ਰਸ ਪ੍ਰੇਮ ਪੂਰਨ ਭਤਾਰ ਕੈ ॥

ਮਿਠੇ ਬਚਨ ਛੋਟਿਆਂ ਨਾਲ ਬੋਲਦੀ ਹੈ ਅਤੇ ਵਡਿਆਂ ਪਾਸੋਂ ਸ਼ਰਮ ਲਜਾ ਵਾਲੀ ਹੁੰਦੀ ਹੈ ਅਤੇ ਸੇਜਾ ਦੇ ਵੇਲੇ ਪਤੀ ਨਾਲ ਪ੍ਰੇਮ ਦਾ ਪੂਰਾ (ਰਸ) ਅਨੰਦ (ਸੁਆਦ) ਲੈਂਦੀ ਹੈ ॥

ਤੈਸੇ ਗੁਰਸਿਖ ਸਰਬਾਤਮ ਪ੍ਰਬੀਨ ਪੂਜਾ
ਬ੍ਰਹਮ ਧਿਆਨ ਗੁਰ ਮੂਰਤਿ ਅਪਾਰ ਕੈ ॥੨੯੫॥

ਤਿਕੁਰ ਹੀ ਗੁਰੂ ਕੇ ਸਿਖ ਸਾਰਿਆਂ ਵਿਚ ਆਪਣਾ ਮਨ (ਪ੍ਰਬੀਨ) (ਸਿਆਣਿਆਂ ਦੀ ਤਰ੍ਹਾਂ) ਜਾਣਦੇ ਹਨ ਅਤੇ (ਬ੍ਰਹਮ) ਵਾਹਿਗੁਰੂ ਦਾ ਰੂਪ ਗੁਰਾਂ ਦੀ ਮੂਰਤੀ ਦਾ ਧਿਆਨ ਧਰਕੇ ਬਾਹਲੀ ਪੂਜਾ ਕਰਦੇ ਹਨ ॥ ੨੯੫ ॥

ਇੱਕੁਰ ਹੀ ਪ੍ਰਮਾਤਮਾਂ ਨੂੰ ਜਾਣਕੇ ਪ੍ਰੀਤੀ ਕਰਦੇ ਹਨ ॥

ਜੀਵਤ ਪੂਰਕ ਏਕ ਸਾਸਤ੍ਰ ਸ਼ਾਤ ਹੈ ਅਨੇਕ

ਪੁਰਬ ਤੀਰਥ ਸਤ ਕੋਟਾਨਿ ਕੋਟਾਨਿ ਹੈ ॥

ਦੇਵਤਿਆਂ ਦੇ ਤੀਰਥਾਂ ਤੇ ਪੁਰਬਾਂ ਦਾ ਜਾਣਾ ਨੂੰ ਸਿਮਾਰ ਜਾਂਦਾ ਹੈ ਓਹ ਪੁਰਬ ਤੇ ਤੀਰਥ ਅਤੇ (ਸੁਰ) ਦੇਵਤੇ ਕਰੋੜਾਂ ਕਰੋੜਾਂ ਹੀ ਹੈਨ । ਸੋ ਕੀ ਲੋੜਦੇ ਹਨ)।

ਮੁਕਤਿ ਬੈਕੁੰਠ ਜੋਗ ਜੁਗਤ ਬਿਬਿਧ ਫਲ
ਬਾਂਛਤ ਹੈ ਸਾਧ ਰਜ ਕੋਟ ਗਜਾਨ ਧਜਾਨ ਹੈ ॥

(ਸੁਰਗ ਦੀਆਂ ਮੁਕਤੀਆਂ ਜੋਗ ਦੀਆਂ ਜੁਗਤੀਆਂ) ਇਕੁਠ ਦੇ ਨਾਨਾ ਭਾਂਤੀ ਦੇ ਫਲ ਅਤੇ ਕਰੋੜਾਂ ਹੀ ਗਿਆਨ ਧਿਆਨ ਸੰਤਾਂ ਦੇ ਚਰਨਾਂ ਦੀ ਧੂੜੀ ਨੂੰ ਚਾਹੁੰਦੇ ਹਨ ॥

ਅਗਮ ਅਗਾਧ ਸਾਧ ਸੰਗਤ ਅਸੰਖ ਸਿਖ
ਸ੍ਰੀ ਗੁਰ ਚਰਨ ਮਿਲੇ ਰੰਕ ਰਾਮੁ ਆਨਕੈ ॥

(ਬਾਹਰ ਬ੍ਰਿਤੀ ਵਾਲੇ) ਸਿਖ ਸਾਧਸੰਗਤ ਵਿਚ ਗਿਣਤੀ ਤੇ ਮਿਣਤੀ ਤੋਂ ਹਨ ਪਰ ਜਿਹੜੇ ਸੁਭਾਗ ਸ੍ਰੀ ਗੁਰਾਂ ਦੇ (ਰਾਮ ਰਸ) ਵਾਹਿਗੁਰੂ ਦੇ ਆਨੰਦ ਵਾਲੇ ਚਰਨਾਂ ਵਿਚ ਆਕੇ ਮਿਲੇ ਹਨ ਓਹ ਵਿਰਲੇ ਹੀ ਹਨ ਅਥਵਾ ਜਿਨਾਂ ਦੀ ਧੂੜੀ ਵਿਚ ਇਤਨੀ ਸਕਤੀ ਹੈ ਉਹ ਕਰ ਕੇ ਸਿਖ ਗੁਰਾਂ ਦੀ ਸਾਧ ਸੰਗਤ ਵਿਚ ਅਨੇਕਾਂ ਹੀ ਹਨ ॥

ਸਹਜ ਸਮਾਧ ਅਪਰੰਪਰ ਪੁਰਖ ਲਿਵ
ਪੂਰਨ ਬ੍ਰਹਮ ਸਤਗੁਰ ਸਾਵਧਾਨ ਕੈ ॥ ੨੯੬ ॥

ਸੰਸਾਰ ਤੋਂ ਪਰੇ ਅਤੇ ਸਾਰਿਆਂ ਵਿਚ ਵਿਆਪਕ ਅਕਾਲ ਪੁਰਖ ਦੇ ਸਰੂਪ ਸਤਗੁਰਾਂ ਦੀ ਅਡੋਲ ਸਮਾਧੀ ਵਿਚ ਜੁੜਦੇ ਹੋਏ (ਉਪਰੋਕਤ) ਸਿਖਾਂ ਦੀ (ਲਿਵ) ਚਿਤ ਬ੍ਰਿਤੀ ਲਗੀ ਹੈ (ਇਸ ਲਈ ਧੂੜੀ ਦਾ ਪ੍ਰਤਾਪ ਇਤਨਾ ਹੈ) ॥ ੨੯੬ ॥

ਜਿਵੇਂ ਮੁਹਰਲੇ ਨੇਤ੍ਰ ਆਦਿਕ ਸੂਰਜ ਆਦਿਕ ਦੀ ਸਹਾਇਤਾ ਨਾਲ ਸੇਵੀ ਰਹਿੰਦੇ ਹਨ ਇਵੇਂ ਹੀ ਗੁਰਮੁਖ ਸਾਣੋ ॥

ਦ੍ਰਿਗਨ ਕੈ ਜਿਹਬਾ ਸ੍ਰਵਨ ਜੋ ਮਿਲੈ ਹੈ ਦੇਵ
ਜੈਸੇ ਦੇਖੈ ਤੈਸੇ ਕਹਿ ਸੁਨ ਗੁਨ ਗਾਵਹੀ ॥

(ਜਿਹੜੇ) ਜਿਨਾਂ ਦੇ ਤ੍ਰਿਨ ਦੇਵਤੇ ਜਿਆਦਾ ਨਕਤੀਆਂ (੧) ਨੇਤ੍ਰ ਜੋ ਰੂਪ ਦੇਖਣ ਨੂੰ ਮਿਲਾ ਦਿੰਦੇ ਹਨ । (੨) ਕੰਨ ਜੋ ਸੁਰ ਸੁਣਨ ਨੂੰ ਮਿਲਾ ਦਿ

ਹੁੰਦੀ ਹੈ। (੪) ਜੀਭ ਨੂੰ ਗੁਰਮੁਖ ਸੋਨੇ ਜਲ ਭੁੱਖ ਲੱਗੇ ਫਲ ।

ਭਾਵ ਜਿਸ ਤਰ੍ਹਾਂ ਗੁਰਮੁਖ ਦੇ ਚੱਖਣ ਜਿਉਂ ਦੇ ਪਾਣ ਅੰਨ ਉਹਾਰ ਦਿੰਦੀ ਹੈ ਅਤੇ ਕੰਨ ਸੁਣ ਲੈਂਦੇ ਹਨ ॥

ਸ੍ਰਵਨ ਜਿਹਬਾ ਔਰ ਲੋਚਨ ਮਿਲੇ ਹੈ ਦਯਾਲ

ਜੈਸੇ ਸੁਨੈ ਤੈਸੇ ਦੇਖ ਕਹਿ ਸਮਝਾਵਹੀ ॥

ਕੰਨਾਂ ਨੂੰ ਜੀਭ ਅਤੇ ਨੇਤ੍ਰ ਜੇ ਦੇਵਤਿਆਂ ਸੰਯੁਕਤ ਮਿਲਣ, ਤਾਂ ਕੰਨ ਜਿਉਂ ਸ੍ਰਵਨ ਤਿਉਂ ਹੀ ਨੇਤ੍ਰ ਦੇਖਦੇ ਹਨ ਅਤੇ ਜੀਭ ਆਖਕੇ ਸਮਝਾ ਦਿੰਦੀ ਹੈ।

ਜਿਹਬਾ ਲੋਚਨ ਔਰ ਸ੍ਰਵਨ ਮਿਲੈ ਜੋ ਦੇਵ

ਜੈਸੇ ਕਹਿ ਤੈਸੇ ਸੁਨ ਦੇਖ ਕੈ ਦਿਖਾਵਹੀ ॥

ਜੀਭ ਨੂੰ ਨੇਤ੍ਰ ਅਤੇ ਕੰਨ ਜੇ ਦੇਵਤਿਆਂ ਸੰਯੁਕਤ ਮਿਲ ਜਾਣ ਤਾਂ ਜਿਉਂ ਜੀਭ ਆਖਦੀ ਹੈ ਤਿਉਂ ਕੰਨ ਸੁਣ ਲੈਂਦੇ ਹਨ ਅਤੇ ਨੇਤ੍ਰ ਦ੍ਰਿਸ਼ਟੀ ਨਾਲ ਦੇਖਕੇ ਦਿਖਾ ਦਿੰਦੇ ਹਨ ॥

ਨੈਨ ਜੀਅ ਸ੍ਰਵਨ ਔ ਸ੍ਰਵਨ ਲੋਚਨ ਜੀਹ

ਜਿਹਬਾ ਨ ਸ੍ਰਵਨ ਲੋਚਨ ਲਲਚਾਵਹੀ ॥੨੯੧॥

(ਲੋਚਨ) ਨੇਤ੍ਰ। ਨੇਤ੍ਰ ਜੀਭ ਅਤੇ ਕੰਨ। ਕੰਨ ਨੇਤ੍ਰ ਤੇ ਜੀਭ ਹੋਵੇ ਤਾਂ ਸਾਰਾ ਸਰੀਰ ਚੰਗਾ ਲਗਦਾ ਹੈ ਅਤੇ ਸਾਰੇ ਸੰਸਾਰ ਦੇ ਕੰਮ ਵੀ ਹੋ ਸਕਦੇ ਹਨ ਅਤੇ ਜੇਕਰ ਜੀਭ ਜਾਂ ਕੰਨ ਜਾਂ ਨੇਤ੍ਰ, ਏਨ੍ਹਾਂ ਵਿਚੋਂ ਇਕ ਵੀ ਚੀਜ਼ ਨਾ ਹੋਵੇ ਤਾਂ ਆ [illegible] ਦੁਖਿਆਂ ਆਦਮੀਆਂ ਦੇ ਕਰਕੇ ਸਰੀਰ ਐਹ ਵੇਖਕੇ ਲਾਲਚ ਕਰਦਾ ਹੈ ਕਿ ਮੈਨੂੰ ਵੀ ਇਸ ਤਰ੍ਹਾਂ ਦੇ ਅੰਗ ਮਿਲ ਜਾਣ ਭਾਵ ਜੇ ਤਿੰਨਾਂ ਵਿਚੋਂ ਇਕ ਵੀ ਨਾ ਹੋਵੇ ਤਾਂ ਕੋਈ ਕੰਮ ਨਹੀਂ ਹੋ ਸਕਦਾ ਅਤੇ ਨਾ ਹੀ ਸਰੀਰ ਚੰਗਾ ਲਗਦਾ ਹੈ ਇਸੇ ਤਰ੍ਹਾਂ ਹੀ ਗੁਰਮੁਖਾਂ ਨੂੰ ਜਦ ਗੁਰਾਂ ਦੇ ਸਤਸੰਗ ਤੋਂ ਯਾ ਨਾਮ, ਬਾਣੀ, ਰਹਿਤ ਯਾ ਗੁਰਾਂ ਦਾ ਵਿਛੋੜਾ ਹੋ ਜਾਵੇ ਤਾਂ ਦੁਖੀ ਹੁੰਦੇ ਹਨ ॥ ੨੯੧ ॥

ਗੁਰ ਸਿਖ ਇਸ ਤਰ੍ਹਾਂ ਸਾਰਿਆਂ ਵਿਚ ਵਾਹਿਗੁਰੂ ਨੂੰ ਵਿਆਪਕ ਜਾਣਦੇ ਹਨ ਜਿਵੇਂ ਮੂਹਰੇ ਵਰਨਨ ਹੈ।

ਆਪਨੇ ਸੁਅੰਨ ਜੈਸੇ ਜਾਨਤ ਪਿਆਰੋ ਜੀਅ

ਜਾਨੀਐ ਵੈਸੋ ਹੀ ਪਰਾਓ ਸਕਲ ਸੰਸਾਰ ਕੈ ॥

ਜਿਵੇਂ ਆਪਣਾ (ਸੁਅੰਨ) ਪੁਤ੍ਰ ਜੀਅ ਨੂੰ ਪਿਆਰਾ ਲਗਦਾ ਹੈ ਤਿਵੇਂ ਹੀ ਸਾਰੇ ਸੰਸਾਰ ਨੂੰ ਪਿਆਰਾ ਲਗਦਾ ਹੈ।

ਅਪਨੇ ਸਰੂਪ ਜੈਸੇ ਰਾਖੀਐ [illegible] ਕਰ
ਤੈਸੇਹੀ ਸਮਝ ਸਭ ਕਾਹੂ ਕੇ ਬਿਉਹਾਰ ਕੋ ॥

ਜਿਵੇਂ ਆਪਣੇ (ਹਰਖ) [illegible] ਨੂੰ [illegible] ਤਿਵੇਂ ਹੀ ਸਭ ਕਿਸੇ ਦੇ ਵਿਹਾਰ ਨੂੰ ਸਮਝਣਾ ਚਾਹੀਏ ॥

ਅਸਤੁਤਿ ਨਿੰਦਾ ਸੁਨ ਸ੍ਰਵਣ ਹਰਖ ਸੋਗ
ਤੈਸੇ ਹੀ ਜਗਤ ਜਗ ਅਨਿਕ ਪ੍ਰਕਾਰ ਕੋ ॥

ਜਿਵੇਂ ਉਸਤਤੀ ਨਿੰਦਿਆ ਸੁਣ ਕੇ (ਹਰਖ) [illegible] ਹੁੰਦਾ ਹੈ ਉਸੇ ਤਰ੍ਹਾਂ ਹੀ ਅਨੇਕ ਤਰ੍ਹਾਂ ਦਾ ਸੰਸਾਰ ਨੂੰ [illegible] ਦਾ ਹਰਖ ਸੋਗ ਹੁੰਦਾ ਹੈ ॥

ਜੈਸੇ ਕੁਲ ਧਰਮ ਕਰਮ ਜੈਸੇ ਜੈਸੇ ਕਾਕੇ
ਉਤਮ ਕੈ ਮਾਨ ਜਾਨ ਬ੍ਰਹਮ ਬਿਚਾਰ ਕੋ ॥੨੮੮॥

ਜਿਵੇਂ ਜਿਸ ਕਿਸੇ ਦਾ ਜਿਸ ਕੁਲ ਦਾ [illegible] ਦੇ ਧਰਮ ਦਾ ਕੰਮ ਹੈ ਉਸ ਨੂੰ ਉਸੇ ਤਰ੍ਹਾਂ ਹੀ ਉੱਤਮ ਜਾਣਦਾ ਹੈ ਜਿਵੇਂ ਗੁਰਸਿਖ [illegible] (ਬ੍ਰਹਮ) ਵਾਹਿਗੁਰੂ ਨੂੰ (ਬਿਚਾਰ) [illegible] (ਵੇਖਿਆ ਹੋਇਆ) [illegible] ॥੨੮੮॥

ਉਪਦੇਸ਼ ਸਿਖਾਂ ਵਿਚ ਦੂਸ਼ਣ ਜਿਵੇਂ [illegible] ਜਿਵੇਂ [illegible] ਗੁਰਾਂ ਦਾ [illegible]

ਜੈਸੇ ਨੈਨ ਬੈਨ ਪੰਖ ਸ੍ਰੀਫਲ ਸੁਰੰਗ ਮੋਰ
ਤਾ ਕੇ ਪਗ ਓਰ ਦੇਖ ਦੋਖ ਨ ਬਿਚਾਰੀਐ ॥

ਜਿਵੇਂ ਨੈਣ, ਬੋਲ, ਖੰਭ, ਜੋ ਸਾਰੇ ਅੰਗ ਮੋਰ ਦੇ ਸੁੰਦਰ ਹੁੰਦੇ ਹਨ [illegible] ਉਸਦੇ ਪੈਰਾਂ ਵਲ ਵੇਖਕੇ ਦੂਸ਼ਣ ਨਹੀਂ ਵਿਚਾਰਨਾ ਚਾਹੀਦਾ ॥

ਚੰਦਨ ਸੁਗੰਧ ਅਤਿ ਕੋਮਲ ਕਮਲ ਜੈਸੇ
ਕੰਟਕ ਬਿਲੋਕ ਨ ਅਵਗਿਆ ਉਰ ਧਾਰੀਐ ॥

(੧) ਜਿਵੇਂ ਚੰਦਨ ਸੁਗੰਧੀ ਵਾਲਾ [illegible] ਦੇ [illegible] ਦੇਖਕੇ ਹਿਰਦੇ ਵਿਚ ਅੰਞਾਣ ਨਾ ਕਰੀਏ ।

(੨) ਜਿਵੇਂ ਕੌਲ ਫੁੱਲ ਅਤਿ [illegible] (ਕੋਮਲ) [illegible] ਹੈ ਉਸਦੇ ਕੰਡੇ ਦੇਖਕੇ ਚਿੱਤ ਵਿਚ ਨਿਰਾਦਰ ਨਾ ਕਰੀਏ ।

ਜੈਸੇ ਹੈ ਅੰਮ੍ਰਿਤ ਫਲ ਮਿਸਟ ਸੁਗੰਧਿ ਸੂਖ

ਬੀਜ ਫਲਦਾਈ ਕੈ ਪੁਰਾਣੀ ਨ ਸਮਾਈਐ ॥

ਜਿਵੇਂ ਅੰਬ ਦਾ ਸੁਚਾ ਮਿਠਾ ਅਤੇ ਗੁਣਾਂ ਵਾਲਾ ਸੁਗੰਧੀ ਹੁੰਦਾ ਹੈ ਪਰ ਉਸ ਦੀ ਗਿਟਕ ... ਨੂੰ ਕੋਈ ਬੁਰਿਆਈ ਨ (ਸੰਭਾਲੀਏ) ਚਾਹੀਦੀ

ਤੈਸੇ ਗੁਰ ਚਰਨ ਦਾਸ ਸਭ ਹੂ ਕੈ ਮਾਂਗੀਐ

ਬੰਦਨਾ ਸਰਬ ਭੂਤ ਨਿੰਦਾ ਨ ਕਰੀਐ ॥੪੯੯॥

ਤਿਵੇਂ ਹੀ ਜੋ ਗੁਰਮੁਖ ਹਨ ਉਨ੍ਹਾਂ ਸਾਰਿਆਂ ਪਾਸੋਂ ਚਰਨਾਂ ਦੇ ਧੂੜ ਦਾ ਦਾਨ ਮੰਗਲੈਣਾ ਚਾਹੀਦਾ ਹੈ ਅਤੇ ਉਨ੍ਹਾਂ ਸਾਰਿਆਂ (ਭੂਤ) ਸਰੀਰਾਂ ਨੂੰ ਬੰਦਨਾ ਨਮਸਕਾਰ ਕਰਨੀ ਚਾਹੀਦੀ ਹੈ (ਕਿਉਂਕਿ ਓਹ ਵਾਹਿਗੁਰੂ ਦਾ ਸਰੂਪ ਹਨ) ਕਿਸੇ ਕਾਰਨ ਉਨ੍ਹਾਂ ਦੀ ਨਿੰਦਿਆ (ਨ) ਨਹੀਂ ਕਰਨੀ ਚਾਹੀਦੀ ॥

ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ ।

ਮੁਹ ਕਾਲੇ ਤਿਨ ਨਿੰਦਕਾਂ ਨਰਕੇ ਘੋਰਿ ਪਵੰਨਿ । ਸੂਹੀ ਮਹਲਾ ੩

ਸੰਤ ਕੀ ਨਿੰਦਾ ਜੋਨੀ ਭਵਨਾ । ਸੰਤ ਕੀ ਨਿੰਦਾ ਰੋਗੀ ਕਰਨਾ ।

ਸੰਤ ਕੀ ਨਿੰਦਾ ਦੂਖ ਸਹਾਮ । ਡਾਨੁ ਦੇਤ ਨਿੰਦਕ ਕਉ ਜਾਮ ।

ਭੈਰਉ ਮਹਲਾ ੫

ਜਨਮ ਜਨਮ ਕੀ ਮਲੁ ਧੋਵੈ ਪਰਾਈ ਆਪਣਾ ਕੀਤਾ ਪਾਵੈ । ਆਸਾ ਮਹਲਾ ੫ ॥

ਜੇ ਓਹ ਅਠਿ ਸਠਿ ਤੀਰਥ ਨਾਵੈ । ਗੋਂਡ ਰਵਿਦਾਸ ਜੀ ॥ ੪੯੯ ॥

ਕ੍ਰਿਪਾ ਕਰਕੇ ਆਪਣਾ ਪ੍ਰੇਮ ਪ੍ਰਗਟ ਕਰਦੇ ਭਾਈ ਸਾਹਿਬ ਜੀ ਆਪ ਦੇਸ ਦੇਸ ਤੋਂ ਹਟ ਕੇ ਹੋਇ ਆਪਣਾ ਪ੍ਰੇਮ ਪ੍ਰਗਟ ਕਰਦੇ ਜਿਨ੍ਹਾਂ ਨੂੰ ਦਸਦੇ ਹਨ ਕਿ ਤੁਸੀਂ ਵੀ ਇੱਕਰ ਗੁਰੂ ਜੀ ਅਗੇ ਬੇਨਤੀ ਕਰੋ ਕਿ ਜਿਵੇਂ ਇਕ ਸੁਹਾਗਣੀ ਇਸਤ੍ਰੀ ਪਤੀ ਅਗੇ ਕਰਦੀ ਹੈ ॥

ਸਵੈਯਾ ਛੰਦ* ਪਾਰਸ ਪਰਸ ਦਰਸ ਕਤ ਸਜਨੀ

ਕਤਹੈ ਨੈਨ ਬੈਨ ਮਨ ਮੋਹਨ ।

(ਨਾਇਕਾ ਸਖੀ ਪ੍ਰਤਿ) ਹੇ ਸਖੀ ਪਾਰਸ ਵਰਗਾ ਪਤੀ ਦਾ ਦਰਸਨ ਅਤੇ ਛੁਹ ਕਿਥੇ ਹੈ ਅਤੇ ਕਿਥੇ ਹਨ ਨੈਣ, ਬਚਨ ਬਿਲਾਸ ਮਨ ਨੂੰ ਮੋਹਨ ਵਾਲੇ ॥ (ਸਿਖ ਸਿਖ ਪ੍ਰਤਿ) ਹੇ ਭਾਈ ਸਾਹਿਬ ਜੀ ਮੇਰੇ ਗੁਰੂ ਸੱਚੇ ਪਾਤਸ਼ਾਹ ਦਾ ਉਹ ਦਰਸਨ ਕਰਨਾ ਕਿਥੇ ਗਿਆ ਜੋ ਅਕਾਲ ਪੁਰੀ

---

* ਇਹ ਸਵੈਯਾ ਮਾਤ੍ਰਿਕ ਸੁਧਾ ਛੰਦਾਂ ਤੇ ਤਿੰਨਾਂ ਮਾਤ੍ਰਾਂ ਦਾ ਹੁੰਦਾ ਹੈ ਵੇਖੋ ਪ੍ਰਾਕ੍ਰਿਤ ਸੰਗ੍ਰਹ ਆਦਿ ਪਿੰਗਲ ॥

ਦੀਵਾਨ ਵਿਚ ਕਰਦੇ ਸੀ ਅਤੇ ਕਿਧਰ ਉਹ ਨੇਤ੍ਰਾਂ ਦੇ ਇਸ਼ਾਰੇ ਗਏ ਕਿ ਦੇਖਦੇ ਹੀ ਪ੍ਰਸੰਨ ਕਰ ਦਿੰਦੇ ਸੀ ਅਤੇ ਕਿਧਰ ਬਚਨ ਬਿਲਾਸ ਜੋ ਸਤਿਗੁਰ ਸਾਹਿਬਾਨ ਕਰਦੇ ਸਨ ॥

ਕਤਵੈ ਦਸਨ ਹਸਨ ਸੋਭਾ ਨਿਧਿ
ਕਤਵੈ ਗਵਨ ਭਵਨ ਧਨ ਮੋਹਨ ।

(ਲਾਇਕਾ ਸਖੀ ਪ੍ਰਤਿ) ਹੇ ਸਖੀ ਪਤੀ ਦੇ ਦੰਦਾਂ ਦਾ ਹਾਸਾ ਸ਼ੋਭਾ ਦਾ (ਨਿਧਿ) ਖਜ਼ਾਨਾ ਉਹ ਕਿਧਰ ਗਿਆ ਅਤੇ ਪਤੀ ਨਾਲ ਘਰ ਅਤੇ ਸਾਡਾ ਫਿਰਕੇ ਸੋਹਣੀ ਸਾ ਉਹ ਕਿਧਰ ਗਿਆ ॥

ਕਤਵੈ ਰਾਗ ਰੰਗ ਸੁਖ ਸਾਗਰ
ਕਤਵੈ ਦਇਆ ਮਇਆ ਦੁਖ ਜੋਹਨ ।

ਉਹ ਰਾਗ ਦੇ ਰੰਗ ਸੁਖਾਂ ਦੇ (ਸਾਗਰ) ਸਮੁੰਦ੍ਰ ਕਿਧਰ ਗਏ ਅਤੇ ਉਹ ਕਿਰਪਾ ਵਾਲੇ ਦੀ ਕਿਰਪਾ ਕਿਧਰ ਗਈ ਕਿ ਤਦ ਕੋਈ ਦੁਖ ਦਾ ਨਹੀਂ (ਜੋਹ) ਦੇਖ ਸਕਦਾ ਸੈਨੂੰ ॥

ਕਤਵੈ ਜੋਗ ਭੋਗ ਰਸ ਲੀਲਾ
ਕਤਵੈ ਸੰਤ ਸਭਾ ਛਬਿ ਗੋਹਨ ॥੪੦੦॥

ਪਤੀ ਪ੍ਰਮਾਤਮਾ ਦੇ ਜੋੜ ਵਿਚ ਲਗਾਦੇ ਅਤੇ ਪਤੀ ਸਤਿਗੁਰਾਂ ਦੇ (ਭੋਗ) ਪਦਾਰਥਾਂ ਦੇ ਭੋਗ ਰਾਜ ਭੁਗਾਏ ਅਨੰਦ ਅਤੇ (ਰਸ) ਪ੍ਰੇਮ ਵਾਲੀ (ਲੀਲਾ) ਕਥਾ ਵਾਰਤਾ ਸੁਣਨੀ ਅਤੇ ਸੰਤਾਂ ਗੁਰਮੁਖਾਂ ਦੀ ਸਭਾ ਵਿਚ ਸਜਾਵਟ ਨੂੰ (ਗੋਹਨ) ਗੁੰਦਣਾ ਇਤਿਆਦਿਕ ਅਨੰਦ ਕਿਧਰ ਗਿਆ ॥ ੪੦੧ ॥

ਕਬ ਲਾਗੈ ਮਸਤਕ ਚਰਨਨ ਰਜ
ਦਰਸ ਦਇਆ ਦ੍ਰਿਗਨ ਕਬ ਦੇਖੈ ॥

ਗੁਰ ਸਿਖ (ਸਖੀ ਨੂੰ ਸਖੀ ਇਹ ਤੁਰ ਆਖਦੀ ਹੈ) ਕਿ ਹੇ ਪਿਆਰੇ ਗੁਰਾਂ ਦੇ ਚਰਨਾਂ ਦੀ ਧੂੜੀ ਕਦ ਮੇਰੇ ਮੱਥੇ ਨੂੰ ਲਗੇਗੀ ਅਤੇ ਨੇਤ੍ਰਾਂ ਨਾਲ ਦਇਆਲ ਗੁਰਾਂ ਦੇ ਦਰਸ਼ਨ ਨੂੰ ਕਦ ਵੇਖਾਂਗੇ ॥

ਅੰਮ੍ਰਿਤ ਬਚਨ ਸੁਨਹੁ ਕਬ ਸ੍ਰਵਨਨ
ਕਰ ਰਸਨਾ ਬੇਨਤੀ ਬਿਸੇਖੈ ॥

ਗੁਰਾਂ ਦੇ ਅੰਮ੍ਰਿਤ ਵਰਗੇ ਮਿਠੇ ਬਚਨ ਕੰਨਾਂ ਨਾਲ ਕਦੋਂ ਸੁਣਾਂਗੇ ਅਤੇ

ਜੀਵ ਕਰਕੇ (ਹਿਰਦੇ) ਬਾਰਬਾਰ ਬੇਨਤੀਆਂ ਕਰਦੇ ਕਰਦੇ ॥

ਹਾਥ ਜੋਰ ਜਾਚਉ ਤ੍ਰਿਭਵਿਤ ਬੰਦਨਾ
ਪਗਹੁ ਪਰਿਕ੍ਰਮਾਦਿ ਪੂਰਨ ਹੋਇ ॥

ਕਦੋਂ (ਕਰ) ਹੱਥਾਂ ਕਰਕੇ ਜੋੜ ਤ੍ਰਿਭਵਣ ਜਿਹਾ ਹੋਕੇ ਗੁਰਾਂ ਨੂੰ ਨਮਸ ਕਾਰ ਕਰਾਂਗੇ ਅਤੇ ਕਦੋਂ (ਪਰਿਕ੍ਰਮਾਦਿ) ਰਸਤੇ ਪਰਦੱਖਣਾ ਆਦਿਕ ਦੇ (ਪਗਹੁ) ਪੈਰਾਂ ਨਾਲ (ਹੋਇ) ਸਿਧੀ ਕਰਾਂਗੇ (ਅਰਦਾਸੀਏ ਹਾਂ)

ਪ੍ਰੇਮ ਭਗਤ ਪਰਤਖਿ ਪ੍ਰਾਨ ਪਤਿ
ਗਿਆਨ ਧਿਆਨ ਜੀਵਨ ਪਦ ਲੇਖੈ ॥੪੦੧॥

ਪ੍ਰਾਣਾਂ ਦੇ ਮਾਲਕ ਸਤਿਗੁਰਾਂ ਦੀ ਪ੍ਰੇਮਾ ਭਗਤੀ ਗਿਆਨ ਧਿਆਨ ਕਰਕੇ ਜੀਵਨ ਪਦਵੀ (ਜੋ ਜੀਉਂਦਿਆਂ ਹੀ ਮੁਕਤਿ ਮਿਲੇ) ਨੂੰ ਪ੍ਰਗਟ ਹੀ ਆਪ ਹਿਰਦੇ ਵਿਚ ਲਿਖਾਂਗਾ ॥ ੪੦੧ ॥

ਜੋ ਗੁਰ ਭਗਤ ਸਾਂਝ ਕਰ ਗਿਆਨ ਸਿਖ ਵਿਚਾਰ ਵਾਂਗ ਰੋਖ ਪੰਛੀ ਜਲ ਜੰਤੂ ਅੰਦਰ) ਇਸ ਭਾਵ ਤੇ ਮੁਕਾਬਲਾ ਕਬਿਤ ਆਖਦੇ ਹਨ ॥

ਕਬਿਤ ॥ ਬਿਰਖੈ ਬਿਆਰ ਲਾਗੇ ਜੈਸੇ ਹਹਰਾਤਿ ਪਾਤਿ
ਪੰਛੀ ਨ ਧੀਰਜ ਧਰ ਠੌਰ ਠਹਿਰਾਤ ਹੈ ॥

(ਬਿਆਰ) ਪੌਣ (ਹਵਾ) ਜਿਕੁਰ ਦਰਖਤ ਨੂੰ ਵਾ ਲਗੇ ਤਾਂ ਪਤ੍ਰ ਕੰਬਦੇ ਹਨ ਅਤੇ ਪੰਛੀ ਧੀਰਜ ਧਰਕੇ ਥਾਂ ਯਾ ਬ੍ਰਿਛ ਦੇ ਆਲ੍ਹਣਿਆਂ ਵਿਚ ਨਹੀਂ ਠਹਿਰਦੇ ॥

ਸਰਵਰ ਘਾਮ ਲਾਗੇ ਬਾਰਜ ਬਿਲਖ ਮੁਖ
ਪ੍ਰਾਨ ਅੰਤ ਹੋਤ ਜਲ ਜੰਤ ਅਕੁਲਾਤ ਹੈ ॥

(ਬਾਰਜ) ਕੌਲਫੁਲ । ਜਿਕੁਰ ਤਾਲ ਵਿਚ ਧੁਪ ਔਣ ਨਾਲ ਕੌਲ ਦਾ ਮੂੰਹ ਸੁਕ ਜਾਂਦਾ ਹੈ ਅਤੇ ਪਾਣੀ ਵਿਚ (ਜੰਤ) ਜੀਵ ਮੱਛੀਆਂ ਆਦਕ ਰਹਿਣੇ ਵਾਲੇ ਤੜਫਣ ਲਗਦੇ ਹਨ ਜਦ ਪਾਣੀ ਸੁਕ ਜਾਂਦਾ ਹੈ ਤਦ (ਅੰਤ) ਓੜਕ ਨੂੰ ਵਿਆਕੁਲ ਪ੍ਰਾਣਾਂ ਦੇ ਨਾਲ ਹੋ ਜਾਂਦੇ ਹਨ ॥

ਸਾਰਦੂਲ ਦੇਖੈ ਮ੍ਰਿਗ ਮਾਲ ਦਲ ਭਿਤ ਭਈ
ਭਾਗ ਮੈ ਨ ਤ੍ਰਾਸ ਕਰ ਅਸ੍ਰਮ ਸਮਾਤ ਹੈ ॥

ਜਿਵੇਂ ਸ਼ੇਰ ਨੂੰ ਵੇਖ ਕੇ ਮ੍ਰਿਗਾਂ ਦੀ ਡਾਰ ਵਿਚ ਡਰਦੇ ਹੋਏ ਭਾਜੜ ਪੈ

ਨੂੰ ਏਥਨੇ ਪਰਤੇ ਚਿਤ੍ਰ ਵਿਚ ਖੌਹ ਖਾਇ ਨਸ ਜਾਂਦੇ ਹਨ ਅਤੇ ਸੰਪੂਰਣ ਪ੍ਰਾਪਤੇ ਪੂਰਨੇ ਵੀ ਪਹੁੰਚ ਨਹੀਂ ਲਗਦੇ ॥

ਤੈਸੇ ਗੁਰ ਆਗ੍ਯਾ ਸ੍ਵਾਂਗ* ਛਾਡੇ ਤੇ ਪਤਿਤ ਸਿਖ
ਦੁਖਿਤ ਉਦਾਸ ਬਾਸ ਅਤਿ ਬਿਲਲਾਤ ਹੈ ॥੪੦੨॥

ਤਿਵੇਂ ਹੀ ਗੁਰਾਂ ਦੀ ਆਗਿਆ ਤੇ ਹੋਰ ਦਾ ਹੋਰ ਰੂਪ ਧਾਰਣ ਨਾਲ ਸਿਖ ਪਤਿਤ ਹੋਏ ਦੁਖੀ ਹੁੰਦੇ ਹਨ ਅਤੇ ਦੁਖੀ ਹੋਕੇ ਉਦਾਸੀ ਵਿਚ ਵਸਦੇ ਹਨ ਅਤੇ ਅਤਿ ਅੰਤ ਹੀ (ਰੋਂਦਾ) ਵਿਰਲਾਪ ਕਰਦੇ ਹਨ ॥ ੪੦੨ ॥

ਸਿਦਕੀ ਸਿਖਾਂ ਨੂੰ ਜੇ ਕੋਈ ਦੁਖ ਆ ਲਗੇ ਤਾਂ ਗੁਰੂ ਜੀ ਵਾਲ ਭੀ ਵਿੰਗਾ ਨਹੀਂ ਹੋਣ ਦੇਂਦੇ ਅਤੇ ਬਿਕੁਰ ਰਖਿਆ ਕਰਦੇ ਹਨ ਜਿਵੇਂ [illegible] ਵਰਨਨ ਹੈ ॥

ਓਲਾ ਬਰਖਨ ਕਰਖਨ ਦਾਮਨੀ ਬਿਆਰ
ਸਾਗਰ ਲਹਰ ਬਨ ਜਰਤ ਅਗਨਿ ਹੈ ॥

(ਦਾਮਨੀ) ਬਿਜਲੀ (ਬਿਆਰ) ਪੌਣ (ਸਾਗਰ) ਸਮੁੰਦ੍ਰ। ਗੜਿਆਂ ਦਾ ਵਰ੍ਹਕੇ ਖੇਤੀ ਆਦਕ ਨੂੰ ਨਾਸ ਕਰਨਾ। ਬਿਜਲੀ ਨੇ ਲਿਸ਼ਕ ਨਾਲ ਖਿਚਕੇ ਨਾਲ ਬਹੁਤ ਚੀਜ਼ਾਂ ਦਾ ਨੁਕਸਾਨ ਕਰਨਾ। ਪੌਣ ਨੇ ਦਰਖਤ ਆਦਕਾਂ ਨੂੰ ਢਾਹੁਣਾ। ਸਮੁੰਦ੍ਰ ਦੀਆਂ ਉਛਲਾਂ ਨੇ ਪਿੰਡਾਂ ਆਦਕਾਂ ਨੂੰ ਰੋੜ੍ਹਨਾ। ਅਗਨੀ ਨੇ ਜੰਗਲ ਆਦਕਾਂ ਨੂੰ ਸਾੜਨਾ।

ਰਾਜੀ ਬਿਰਾਜੀ ਭੂਕੰਪਕਾ ਅੰਤਰ ਬ੍ਰਿਥਾ ਬਲ
ਬੰਦ ਸਾਲ ਸਾਸਨਾ ਸੰਕਟ ਮੈ ਮਰਨ ਹੈ ॥

ਰਾਜ ਭਾਗ ਤੋਂ ਬਿਨਾ ਹੋਣਾ (ਭੂ) ਧਰਤੀ ਦਾ ਕੰਬਣਾ। ਹਿਰਦੇ (ਅੰਤਰ) ਅੰਦਰ (ਬ੍ਰਿਥਾ ਬਲ) ਪੀੜਾ ਦਾ ਜ਼ੋਰ ਹੋਣਾ। (ਬੰਦਸਾਲ) ਕੈਦਖਾਨੇ ਦਾ ਦੁਖ ਹੋਣਾ। (ਸਾਸਨਾ) ਕਿਸੇ ਕਰਨ ਦੀ ਤਾੜਨਾ ਮਿਲਨੀ। (ਸੰਕਟ) ਕਿਸੇ ਕਸ਼ਟਾਂ ਦੇ ਦੁਖ ਵਿਚ ਮਸਤ ਰਹਿਣਾ ॥

---

*ਏਹ ਕਬਿਤ ਤਦ ਉਚਾਰਿਆ ਹੋਯਾ ਜਾਪਦਾ ਹੈ ਜਦ ਕਾਬਲ ਆਦਕ ਦੇਸਾਂ ਤੋਂ ਰਹਣ ਕਰਦੇ ਹੋਇ ਆਇ ਹਨ ਤਾਂ ਗੁਰੂ ਸਾਹਿਬ ਨੇ ਵਿਚਾਰਿਆ ਕਿ ਹੇ ਭਾਈ ਆਪ ਜੀ ਆਪਣੀ ਆਪਣੀ ਦਵੋ ਸਿਦਕੀ ਸਿਖ ਕਹੌਂਦੇ ਸੀ ਅਤੇ ਆਖਦੇ ਸੀ "ਜੋ ਗੁਰ ਆਗ੍ਯਾ ਵਰਤਦਾ ਸਿਖ ਸਿਦਕ ਨ ਹਾਰੇ" ਤੇ ਆਪ ਹੀ ਡੋਲ ਗੀ ਹੋਰਾਂ। ਤਦ ਭਾਈ ਜੀ ਨੇ ਵਾਰ ੨੫ ਪਉੜੀ ੭੫-੭੬ ਸਿਖ ਕਹਿਕੇ ਸਾਰਤਕ ਕੀਤੀ ਹੈ।

ਆਪਦਾ ਅਧੀਨ ਦੀਨ ਦੂਖਨਾ ਦਰਿਦ੍ਰ ਛਿਦ੍ਰ

ਭ੍ਰਮਤ ਉਦਾਸ ਰਿਨ ਦਾਸਨ ਨਗਨ ਹੈ ॥

(ਆਪਦਾ) ਬਿਪਤਾ ਦੇ ਵੱਸ ਰਹਿਣਾ। ਦੁਸਨਾਂ ਦੇ ਅਗੇ ਗਰੀਬ ਹੋਕੇ ਰਹਿਣਾ। ਕੰਗਾਲ ਪਣਾ ਹੋਣਾ। (ਛਿਦ੍ਰ) ਕੋਈ ਦੋਸ਼ ਕਲੰਕ ਲਗ ਜਾਣਾ। ਉਦਾਸ ਹੋਕੇ (ਭ੍ਰਮਤ) ਫਿਰਨਾ। (ਰਿਨ) ਕਰਜਾਈ ਹੋਣਾ। ਦਾਸ ਵਾਂਗੂ ਨੰਗੀ ਪੈਰੀਂ ਨੱਠੇ ਫਿਰਨਾ ॥

ਤੈਸੇ ਹੀ ਸ੍ਰਿਸਟਿ ਕੈ ਅਦ੍ਰਿਸਟ ਜੌ ਪੈ ਆਪਦਾਕਾਰੀ

ਤਊ ਸੈ ਭਗਤਨ ਕੈ ਰੋਮ ਨ ਭਗਨ ਹੈ ॥੪੦੭॥

ਤਿਵੇਂ ਹੀ ਸ੍ਰਿਸਟੀ ਦੇ (ਉਪ੍ਰਕਾਰ) ਅਦਾਰਕ ਜੋ ਦੁਖ ਆਕੇ ਲਗਦੇ ਹਨ ਹਰ ਜੋ ਅਨੇਕਾਂ ਹੀ ਹਨ ਤਾਂ ਜਗਤ ਵਿਚ ਭਗਤਾਂ ਦੇ ਵਾਲ ਨੂੰ ਭੀ ਵਿੰਗਾ ਨਹੀਂ ਕਰ ਸਕਦੇ ॥ ੪੦੭ ॥

ਪਿਛਲੇ ਵੇਦਾਂ ਸ਼ਾਸਤ੍ਰਾਂ ਦੇ ਕਰਮ ਕਾਂਡ ਤੇ ਨੇਤੀ ਧੋਤੀ ਸੌਨ ਆਦਿਕ ਦਾ ਦਾਨ ਕਰਨਾ ਇਤਆਦਿਕ ਕਰਮਾਂ ਨਾਲੋਂ ਗੁਰੂ ਜੀ ਦਾ ਰਸਤਾ ਪ੍ਰੇਮੀਆਂ ਨੂੰ ਇਉਂ ਛੇਤੀ ਮਿਲਾ ਦਿੰਦਾ ਹੈ ॥

ਜੈਸੇ ਚੀਟੀ ਕ੍ਰਮ ਕ੍ਰਮ ਕੈ ਬਿਰਖ ਪਰ ਚਰੈ

ਪੰਛੀ ਉਡਿ ਜਾਇ ਬੈਸੇ ਨਿਕਟ ਹੀ ਫਲ ਕੈ ॥

(ਕੀੜੀ) (ਜੈਸੇ) ਵੇਹੋ। ਜਿੱਕਰ (ਜਿਸ ਫਲ ਦਾ ਲਏ) ਕੀੜੀ ਹੌਲੀ ਹੌਲੀ ਰੁਖ ਤੇ ਚੜਦੀ ਹੈ (ਉੱਪਰ ਜਾ ਉਸ ਫਲ ਲਈ) ਪੰਛੀ ਉਡਕੇ ਛੇਤੀ ਨਾਲ ਫਲ ਦੇ ਪਾਸ ਜਾ ਬੈਠਦਾ ਹੈ ॥

ਜੈਸੇ ਗਾਡੀ ਚਲਾ ਜਾਤ ਲੀਕਨ ਮੈ ਧੀਰਜ ਸੈ

ਘੋਰੇ ਦੌਰ ਜਾਇ ਬਾਇ ਦਾਹਨੇ ਮਹਲ ਕੈ ॥

ਜਿਕੁਰ ਗੱਡੀ ਪਹੇ ਦੀਆਂ ਲੀਕਾਂ ਵਿਚ ਧੀਰਜ ਨਾਲ ਤੁਰੀ ਜਾਂਦੀ ਹੈ ਅਤੇ ਘੋੜੇ ਤੇਜ਼ ਚਾਲ ਚਲਣ ਵਾਲਾ ਆਕੜ ਘੋੜਾ ਨਚਦੇ ਸੱਜੇ ਖੱਬੇ ਪਾਸੇ ਨਾਲ ਧਾਇ ਮਾਰਦੇ ਛੇਤੀ ਜਾ ਅਪੜਦਾ ਹੈ ॥

ਜੈਸੇ ਕੋਸ ਭਰ ਚਲ ਸਕੀਐ ਨ ਪਾਇਨ ਕੈ

ਮਨੂਆ ਚਲਤ ਲਉ ਧਾਵਤ ਅਰਧ ਪਲ ਹੈ ॥

ਜਿਕੁਰ (ਇਕ ਕੋਹ ਭਰ) ਪੈਰਾਂ ਨਾਲ ਤੁਰਿਆ ਨਹੀਂ ਜਾਂਦਾ ਪਰ ਮਨ ਅੱਧੇ ਪਲ ਵਿਚ ਹੀ

ਨਹੀਂ ਭੁਰ ਸਕੀਦਾ ਅਤੇ (ਆਤਮਾ) ਮਨ ਸਭਾਂ ਹੁੰਦਾਂ ਵਿਚ ਇਕ ਮਨ ਇਕ ਦਾ ਬਣਕੇ ਮਨ ਹੋਰ ਹੈ ॥

ਤੈਸੇ ਲੋਗ ਬੇਦ ਭੇਦ ਗਿਆਨ ਉਨਮਾਨ ਪਰੈ
ਪ੍ਰੇਮ ਗੁਰ ਚਰਨ ਸਰਨ ਅਸਥਲ ਹੈ ॥੪੦੪॥

ਤਿਵੇਂ ਹੀ ਵੇਦਾਂ ਸਾਸਤ੍ਰਾਂ (ਲੋਕਾਂ) ਦੇ ਗਿਆਨ ਦਾ ਭੇਦ ਵਿਚਾਰ ਕੇ (ਭਾਵ ਏਨ੍ਹਾਂ ਦਾ ਮਤਲਬ ਸਮਝਕੇ) ਏਨ੍ਹਾਂ ਵਿਚ ਪਹੁੰਚਣਾ (ਦਾਖਲ ਹੋਣਾ ਕਿ ਏਹ ਨੇਮ ਹੱਛੇ ਹੈਂ ਯਾ ਮਾੜੇ) ਏਹ ਕੀਜੀ ਗੱਲ ਬਾਹਰ ਹੈ । ਅਤੇ ਗੁਰਾਂ ਦੀ ਚਰਨ ਸ਼ਰਨ ਲੈਕੇ ਵਾਹਿਗੁਰੂ ਦੇ ਅਸਥਾਨ ਵਿਚ ਪਹੁੰਚਣਾ ਪੰਡੀ,ਮਨ ਬਾਹਰ ਹੈ । ੪੦੪ ॥

ਉਪ੍ਰੋਕਤਿ ਤੁ ਬਰਾਂ ਦੇ ਕਰਮ ਜੋ ਰਿਸ਼ੀਆਂ ਨੇ ਮੰਡਨ ਕਰੇ ਹਨ ਸੋ ਫਿਰ ਪੁਰਿਆਂ ਕਰਕੇ ਗੁਰਾਂ ਦੇ ਗਾਹਕ ਪੁਰਸ਼, ਅਗੇ ਇਉਂਕਰ ਉਡ ਜਾਂਦੇ ਹਨ ਜਿਉਂਕਰ ਮੁਹਰੇ ਦਰਸਨ ਹੈ ॥

ਜੈਸੇ ਬਨਰਾਇ ਪਰਫੁਲਤ ਨਿਮਿਤ ਫਲ
ਲਾਗਤ ਹੀ ਫਲ ਪਤ੍ਰ ਪੁਹਪ ਬਿਲਾਤ ਹੈ ॥

ਜਿਵੇਂ ਸਬਜ਼ੀ (ਬੂਟੇ ਆਦਕ) ਫਲ ਦੇ ਦੇਣ ਲਈ ਖਿੜਦੀ ਹੈ ਅਤੇ ਜਦ ਫਲ ਲਗਦਾ ਹੈ ਤਾਂ ਪਤੇ ਫੁਲ ਝੜ ਪੈਂਦੇ ਹਨ ॥

(ਭੈਰਉ ਰਵਿਦਾਸ ਜੀ) ਫਲ ਕਾਰਨ ਫੂਲੀ ਬਨਰਾਇ ।
ਫਲੁ ਲਾਗਾ ਤਬ ਫੂਲੁ ਬਿਲਾਇ (ਸਾਰਾ ਸ਼ਬਦ ਵੇਖੋ)

ਜੈਸੇ ਤ੍ਰਿਆ ਰਚਤ ਸਿੰਗਾਰ ਭਰਤਾਰ ਹੇਤ
ਭੇਟਤ ਭਤਾਰ ਉਰ ਹਾਰ ਨ ਸੁਹਾਤ ਹੈ ॥

ਜਿਵੇਂ ਇਸਤ੍ਰੀ ਪਤੀ ਦੇ ਪ੍ਰਸੰਨ ਕਰਨ ਲਈ ੧੬ ਸਿੰਗਾਰ ਕਰਦੀ ਹੈ ਅਤੇ ਜਦ ਪਤੀ ਨਾਲ ਮਿਲਨ ਲਗਦੀ ਹੈ ਤਾਂ ਹਿਰਦੇ ਵਿਚ ਹਾਰ ਪਿਆ ਹੋਇਆ ਚੰਗਾ ਨਹੀਂ ਲਗਦਾ ॥

ਬਾਲਕ ਅਚੇਤ ਜੈਸੇ ਕਰਤ ਅਨੇਕ ਲੀਲਾ
ਸੰਭਤ ਚਿਤਨ ਭਏ ਸਭੈ ਬਿਸਰਾਤ ਹੈ ॥

ਜਿਵੇਂ ਅਞਾਣਾ ਮੂਰਖ ਪਣੇ ਕਰਕੇ ਅਨੇਕਾਂ ਮੂੰਗਿਆਂ ਵਾਲੇ ਖੇਲ ਕਰਦਾ ਹੈ ਅਤੇ ਜਦ ਹਿਤ ਕਰਕੇ ਚਿਤਨ ਕਰਦੇ ਹਰ ਵਜਾਰ ਤੇ ਦ ਸਭੇ ਚੇਤ ਆ ਜਾਂਦੀ ਹੈ ਤਾਂ ਮਾਨੀਆ ਸਭਾ (ਖਿਡਾਵੇ) ਭੁਲ ਜਾਂਦੀਆਂ ਹਨ ॥

ਜੈਸੇ ਖਟ ਕਰਮ ਧਰਮ ਸ੍ਰਮ ਅਗਿਆਨ ਕੈ ਨ
ਗਿਆਨ ਭਾਨ ਉਦੈ ਛੂਟ ਕਰਮ ਉਡਾਤ ਹੈ ॥੪੭੫

(ਭਾਨੁ) ਸੂਰਜ (ਉਦੈ) ਚੜ੍ਹ ਜਾਣੇ ਕਰਕੇ ਹੋਇ। ਜਿਵੇਂ ਹੀ (ਖਟ ਕਰਮ) ਕਰਨਾ ਕਰਾਉਣਾ ਵੇਦ ਪੜ੍ਹਨਾ ਪੜ੍ਹਾਉਣਾ ਅਤੇ ਦਾਨ ਦੇਣਾ ਲੈਣਾ। ਏਹ ਛੇ ਵਰਨਾਂ ਦੇ ਕਰਮ ਆਪ ਆਪਣੇ ਧਰਮ ਅਨੁਸਾਰ ਇਨ੍ਹਾਂ ਦਾ (ਸ੍ਰਮ) ਕਠਨ ਕੰਮ ਕਰਨਾ ਅਗਿਆਨ ਦੇ ਕਾਰਨ ਸੋ ਦੁਖ ਦਾ ਕਾਰਨ ਹੈ (ਜਿਵੇਂ ਕਿ ਸਵਾਮਣ ਸੋਨਾ ਅਤੇ ਹਜ਼ਾਰ ਗਊ ਦਾਨ ਕਰਨ ਵਾਲਿਆਂ ਦਾ ਹਾਲ) ਏਹ ਉਪ੍ਰੋਕਤ ਕਰਮ ਗੁਰਾਂ ਦੇ ਗਿਆਨ ਨਾਲ ਜਿਵੇਂ ਉਡ ਜਾਂਦੇ ਹਨ ਜਿਵੇਂ ਸੂਰਜ ਦੇ ਚੜ੍ਹਨ ਨਾਲ ਤਾਰੇ ਆਦਿ ਉਡ ਜਾਂਦੇ ਹਨ ॥ ਗਿਆਨੈ ਕਾਰਨ ਕਰਮ ਅਭਿਆਸੁ ॥ ਗਿਆਨੁ ਭਇਆ ਤਹ ਕਰਮਹ ਨਾਸੁ ॥ (ਭੈਰਉ ਰਵਿਦਾਸ ਜੀ) ॥ [illegible] ॥

ਆਪਣੇ ਕੰਮ ਆਪ ਹੀ ਗੁਰੂ ਪ੍ਰਮਾਤਮਾ ਜਾਣਦਾ ਹੈ ਅਤੇ ਬਾਲਕਾਂ ਵਾਙੂ ਜਗਤ ਨੂੰ ਕੁਝ ਪਤਾ ਨਹੀਂ ॥

ਜੈਸੇ ਹਸ ਬੋਲਤ ਹੀ ਡਾਕਨਿ ਕਰੇਜੋ ਹਰੈ
ਬਾਲਕ ਤਾਹੀ ਲੌ ਧਾਵੈ ਜਾਨੈ ਗੋਦਿ ਲੇਤ ਹੈ ॥

ਜਿਵੇਂ ਡਾਇਣ ਇਸਤ੍ਰੀ ਹਾਸੇ ਦਾ ਬੋਲ ਬੋਲਕੇ ਬਾਲਕ ਦਾ ਕਲੇਜਾ ਕੱਢ ਲੈਂਦੀ ਹੈ ਅਤੇ ਬਾਲਕ ਮੂਰਖਤਾ ਕਰਕੇ ਸਗੋਂ ਉਸੇ ਵੱਲ ਹੀ ਦੌੜਦਾ ਹੈ ਤੇ ਇਹ ਜਾਣਦਾ ਹੈ ਕਿ ਮੈਨੂੰ ਗੋਦੀ ਵਿਚ ਲੈਂਦੀ ਹੈ ॥

ਰੋਵਤ ਸੁਤ ਕਉ ਜੈਸੇ ਔਖਧਿ ਪਿਆਵੈ ਮਾਤਾ
ਬਾਲਕ ਜਾਨਤ ਮੋਹਿ ਕਾਲ ਕੂਟ ਦੇਤ ਹੈ ॥

(ਕਾਲਕੂਟ) ਵਿਹੁ ਜਿਵੇਂ ਮਾਂ ਦਵਾਈ ਪਿਲੌਂਦੀ ਹੈ ਅਤੇ ਪੁਤ੍ਰ ਰੋਂਦਾ ਹੀ ਅਤੇ ਜਾਣਦਾ ਹੈ ਕਿ ਮੈਨੂੰ ਮਾਂ ਵਿਹੁ ਦਿੰਦੀ ਹੈ ॥

ਹਰਨ ਭਰਨ ਗਤਿ ਸਤਿਗੁਰ ਜਾਨੀਐ ਨ
ਬਾਲਕ ਜੁਗਤ ਮਤਿ ਜਗਤ ਅਚੇਤ ਹੈ ॥

ਬਾਲਕ (ਮਤ) ਅਕਲ ਦੀ ਜੁਗਤੀ ਵਾਙੂ ਜਗਤ (ਅਚੇਤ) ਮੂਰਖ ਹੈ ਕਿਉਂਕਿ ਸਤਗੁਰਾਂ ਦੀ ਹਰਨ ਭਰਨ ਦੀ ਗਤੀ ਨਹੀਂ ਜਾਣਦਾ ਭਾਵ ਸਤਗੁਰ ਦੁਖਾਂ ਨੂੰ ਦੂਰ ਕਰਦੇ ਹਨ ਅਤੇ ਸੁਖਾਂ ਨਾਲ ਭਰਦੇ ਹਨ। ਅਤੇ ਇਸ ਜੁਗਤੀ ਨੂੰ ਮੂਰਖ ਬਾਲਕ ਅਚੇਤ ਜਗਤ ਨਹੀਂ ਜਾਣਦਾ ॥

ਅਕਥ ਕਥਾ ਅਲਖ ਅਤਿ ਹੀ ਅਗਾਧ ਬੋਧ

ਆਪ ਹੀ ਜਾਣਤ ਆਪ ਨੇਤਿ ਨੇਤਿ ਨੇਤਿ ਨੈ ॥੪੦੬॥

ਇਸ ਲਈ ਗੁਰਾਂ ਦੀ ਗੜ੍ਹੀ ਨਹੀਂ ਜਾਣੀ ਜਾਂਦੀ ਪਰ ਪਿਆਰ ਦੀ ਬੇਨਤੀ ਕਰਨੀ ਚਾਹੀਦੀ ਹੈ ॥

ਕਲਪਣਾ ਰਹਤ ਅਕਾਲ ਪੁਰਖ ਸ਼ਕਤੀ ਵਾਲਾ ਬਹੁਤ ਹੀ ਅਲੱਖ ਹੈ ਉਸਦਾ ਜਾਨਣਾ ਬਹੁਤ ਔਖਾ ਹੈ ਆਪਣੇ ਕਰਤਬ ਉਹ ਆਪਹੀ ਜਾਣਦਾ ਹੈ ਅਤੇ ਇਸ ਲਈ ਸਦਾ ੨ ਨਮਸਕਾਰ ਕਰਨੀ ਚਾਹੀਦੀ ਹੈ ॥ ੪੦੬ ॥

ਬੁਰਿਆਂ ਦੀ ਕੁਲ ਵਿਚੋਂ ਭਲੇ ਅਤੇ ਭਲਿਆਂ ਦੀ ਕੁਲ ਵਿਚੋਂ ਬੁਰੇ ਪ੍ਰਗਟ ਹੁੰਦੇ ਹਨ ॥

ਦੈਤ ਸੁਤ ਭਗਤ ਪ੍ਰਗਟ ਪ੍ਰਹਿਲਾਦ ਭਏ
ਦੇਵ ਸੁਤ ਜਗ ਮੈ ਸਨੀਚਰ ਬਖਾਨੀਐ ॥

(ਦੈਤ) ਦੈਂਤ ਹਰਨਾਖਸ਼ ਦਾ ਪੁਤ੍ਰ ਪ੍ਰਹਿਲਾਦ ਭਗਤ ਪ੍ਰਗਟ ਹੋਇਆ ਅਤੇ ਦੇਵਤਿਆਂ ਦਾ ਪੁਤ੍ਰ (ਸਨੀਚਰ) ਛਨਿਛਰਵਾਰ ਪ੍ਰਗਟ ਹੋਯਾ ਜਿਸਨੂੰ ਸੰਸਾਰ ਭੀ ਬੁਰਾ ਆਖਦਾ ਹੈ ॥

ਮਧੁ ਪੁਰ ਬਾਸੀ ਕੰਸ ਅਧਮ ਅਸੁਰ ਭਏ
ਲੰਕਾ ਬਾਸੀ ਸੇਵਕ ਬਭੀਖਨ ਪਛਾਨੀਐ ॥

(ਮਧੁ ਪੁਰ) ਮਥਰਾ ਪੁਰੀ (ਅਧਮ) ਨੀਚ । ਮਥਰਾ ਨਗਰੀ ਵਿਚ ਰਹਿਣ ਵਾਲੇ ਕੰਸ ਵਰਗੇ ਨੀਚ ਦੈਂਤ ਪ੍ਰਗਟ ਹੋਏ ਅਤੇ ਲੰਕਾ ਵਿਚ ਰਹਿਣ ਵਾਲਿਆਂ ਰਾਖਸ਼ਾਂ ਵਿਚੋਂ ਬਿਭੀਖਨ ਪ੍ਰਮਾਤਮਾ ਦਾ ਦਾਸ ਹੋਇਆ ॥

ਸਾਗਰ ਗੰਭੀਰ ਬਿਖੈ ਬਿਖਿਆ ਪ੍ਰਗਾਸ ਭਈ
ਅਹਿ ਮਸਤਕ ਮਨਿ ਊਦੋ ਉਨਮਾਨੀਐ ॥

(ਸਾਗਰ) ਸਮੁੰਦ੍ਰ (ਅਹਿ) ਸਾਪ । ਸਮੁੰਦ੍ਰ ਡੂੰਘੇ ਵਿਚੋਂ ਵਿਹੁ ਪ੍ਰਗਟ ਹੋਈ ਅਤੇ ਸਪ ਦੇ ਮੱਥੇ ਵਿਚੋਂ ਮਣੀ ਪ੍ਰਗਟੀ ਵਿਚਾਰੀਦੀ ਹੈ ॥

ਬਰਨ ਸਥਾਨ ਲਘੁ ਦੀਰਘ ਜਤਨ ਕਰੈ
ਅਕਥ ਕਥਾ ਬਿਨੋਦ ਬਿਸਮ ਨ ਜਾਨੀਐ॥੪੦੭॥

ਵਰਨ ਅਤੇ ਸਥਾਨ ਦੇ ਭੇਦ ਜੇ ਕੋ ਕੋਈ ਵਡੇ ਛੋਟੇ ਦਾ ਵਿਚਾਰ ਕਰੇ ਤਾਂ ਬਹੁਤ ਹੀ ਇਸ ਦੀ ਭੁਲ ਹੈ ਕਿਉਂਕਿ ਉਸ ਵਾਹਿਗੁਰੂ ਦੀ ਅਗਾਧ ਕਥਾ ਹੈ ਉਸ ਸਾਰੀ ਨਹੀਂ ਜਾਣੀ [illegible] ਸਕਦੀ [illegible]

[illegible] ਓਤਪੋਤ ਹੋਕੇ ਸਰਬਤ੍ਰ ਭਾਵ ਸਭ ਵਿਚ ਵਿਆਪਕ ਅਤੇ ਕਲਪਨਾ ਕਿਸੇ ਖਾਸ ਜਾਤੀ ਦੇ ਨਾਮ ਪਰ ਨਹੀਂ ਹੈ ਇਸਦਾ ਸੰਬੰਧ ਗੁਣ ਔਗੁਣ ਨਾਲ ਹੈ ॥੪੦੨॥

ਨਾਮ ਜਪਣ ਦਾ ਪ੍ਰਤਾਪ.

ਚਿੰਤਾਮਣਿ ਚਿਤਵਤ ਚਿੰਤਾ ਚਿਤ ਤੇ ਚੁਰਾਈ
ਅਜੋਨੀ ਅਰਾਧੇ ਜੋਨ ਸੰਕਟ ਕਟਾਏ ਹੈਂ ॥

ਚਿੰਤਾਮਣੀ ਵਾਕੁਰ ਜੋ ਨਾਮ ਵਾਹਿਗੁਰੂ ਦਾ ਹੈ ਉਸਨੂੰ (ਚਿਤਵਤ) ਯਾਦ ਕਰਾਏ ਤੇ ਤਾਂ ਚਿਤ ਤੋਂ ਚਿੰਤਾ ਚੁਰਾਈ ਜਾਂਦੀ ਹੈ ਅਤੇ ਜੋ ਜੂਨੀਆਂ ਵਿਚ ਕਦਾਚਿਤ ਨਹੀਂ ਔਂਦਾ ਉਸਨੂੰ ਅਰਾਧਣ ਨਾਲ ਚੁਰਾਸੀ ਜੂਨੀਆਂ ਦਾ (ਸੰਕਟ) ਦੁਖ ਕਟਿਆ ਜਾਂਦਾ ਹੈ॥

ਜਾਪਤ ਅਕਾਲ ਕਾਲ ਕੰਟਕ ਕਲੇਸ ਨਾਸੇ
ਨਿਰਭੈ ਭਜਨ ਭ੍ਰਮ ਭੈ ਦਲ ਭਜਾਏ ਹੈਂ ॥

ਅਕਾਲ ਪੁਰਖ ਦਾ ਨਾਮ ਜਪਣ ਕਰਕੇ (ਕੰਟਕ) ਕੰਡੇ ਵਾਕੁਰ ਕਲੇਸ਼ ਦੇਣ ਵਾਲਾ ਜਮ ਰਾਜ ਨਸ ਜਾਂਦਾ ਹੈ ਅਤੇ ਨਿਰਭੈ ਵਾਹਿਗੁਰੂ ਦਾ ਭਜਨ ਕਰਕੇ ਭਰਮ ਅਤੇ ਡਰ ਦਾ ਦਲ ਭਜਾਇਆ ਹੈ॥

ਸਿੰਮ੍ਰਿਤ ਸੋ ਨਾਥ ਨਿਰਵੈਰ ਵੈਰ ਭਾਉ ਤਜਾਗੇ
ਭਾਗੇ ਭੇਦ ਖੇਦ ਨਿਰਭੇਦ ਗੁਣ ਗਾਇ ਹੈਂ ॥

ਨਿਰਵੈਰ (ਨਾਥ) ਵਾਹਿਗੁਰੂ ਦਾ ਨਾਮ ਯਾਦ ਕਰਕੇ ਵੈਰ ਭਾਵ ਛਡਿਆ ਅਤੇ ਨਿਰਭੇਦ (ਵਾਹਿਗੁਰੂ) ਦਾ ਗੁਣ ਜਾਂ ਗਾਇਆ ਤਾਂ ਫਰਕ ਦਾ ਖੇਦ ਦੂਰ ਕੀਤਾ॥

ਅਕੁਲ ਅੰਚਲ ਗਹਿ ਕੁਲ ਨ ਵਿਚਾਰੈ ਕੋਊ
ਅਟਲ ਸ਼ਰਨ ਆਵਾ ਗਵਨ ਮਿਟਾਏ ਹੈਂ ॥੪੦੯

(ਅਕੁਲ) ਕਲਪਨਾ ਅਥਵਾ (ਕੁਲ) ਜਾਤਪਾਤ ਤੋਂ ਰਹਿਤ ਜੋ ਵਾਹਿਗੁਰੂ ਹੈ ਤਿਸ ਦੇ ਲੜ ਲਗਿਆਂ ਉਸ ਭਗਤ ਦੀ ਕੁਲ ਜਾਤਪਾਤ ਕੋਈ ਨਹੀਂ ਵਿਚਾਰਦਾ ਅਤੇ ਅਟਲ ਵਾਹਿਗੁਰੂ ਦੀ ਸ਼ਰਨ ਲੈਣ ਕਰਕੇ ਜਨਮ ਮਰਨ ਦਾ ਦੁਖ ਦੂਰ ਹੋ ਜਾਂਦਾ ਹੈ॥ (ਮਲਾਰ ਰਵਿਦਾਸ ਜੀ)

ਮੇਰੀ ਜਾਤਿ ਕੁਟ ਬਾਂਢਲਾ ਢੋਰ ਢੋਵੰਤਾ ਨਿਤਹਿ ਬਨਾਰਸੀ ਆਸ ਪਾਸਾ ॥ ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ ਤੇਰੇ ਨਾਮ ਸਰਣਾਇ ਰਵਿਦਾਸ

ਆਸਾ। ਪੁਨਾ ਜਾਕੇ ਕਲੈਸ ਨੇ ਦੇਹ ਸਭ ਛੂਟ ਰੰਦੀਤ ਬਿਸਰੀ ਸੁਆਪੁ ਜਾਨਹਿ ਜੋ ਜਾਸ ਪ੍ਰਾਣ। ਆਚਾਰ ਸਹਿਤ ਸਿਮ੍ਰਤਰਾਹ ਜੈਂਕਉਿ ਲਿਪ ਤਾਕੋ ਬਿਦਿਰਾਮ ਲਗਾਨ ਦਾਸ॥ ੪੦੮ ॥

ਇੱਕਰ ਦਾ ਸਿਖ ਸੰਸਾਰ ਵਿਚ ਕੋਈ ਵਿਰਲਾ ਹੀ ਹੈ ਜੀਨੂੰ ਦੁਹਰੋ ਵਰਨਨ ਹੈ॥

ਬਾਛੈ ਨ ਸੁਰਗ ਬਾਸ ਮਾਨੈ ਨ ਨਰਕ ਤ੍ਰਾਸ
ਆਸਾ ਨ ਕਰਤ ਚਿਤ ਹੋਨਹਾਰ ਹੋਇ ਹੈ ॥

ਸੁਰਗ ਦਾ ਵਸਣਾ ਨਾ (ਬਾਛੈ) ਲੋੜੇ ਅਤੇ ਨਰਕ ਦਾ (ਤ੍ਰਾਸ) ਡਰ ਨ ਮੰਨੇ ਅਤੇ ਚਿਤ ਵਿਚ ਕਿਸੇ ਚੀਜ ਦੀ ਆਸ਼ਾ ਨਾ ਕਰੇ ਜੋ ਕੁਝ ਵਾਹਿਗੁਰੂ ਦਾ ਭਾਣਾ ਹੋਣਾ ਹੈ ਸੋ ਹੋਣ ਦੇਵੇ॥ ਕਵਨੁ ਨਰਕੁ ਕਿਆ ਸੁਰਗੁ ਬਿਚਾਰਾ ਸੰਤਨ ਦੋਊ ਰਾਦੇ (ਰਾਮਕਲੀ ਕਬੀਰ ਜੀ)

ਸੁਰਗ ਬਾਸੁ ਨ ਬਾਛੀਐ ਡਰੀਐ ਨ ਨਰਕਿ ਨਿਵਾਸੁ।
ਹੋਨਾ ਹੈ ਸੋ ਹੋਈ ਹੈ ਮਨਹਿ ਨ ਕੀਜੈ ਆਸ ॥ (ਗਉੜੀ ਕਬੀਰ ਜੀ)

ਸੰਪਤ ਨ ਹਰਖ ਬਿਪੱਤ ਮੈ ਨ ਸੋਗ ਤਾਹਿ
ਸੁਖ ਦੁਖ ਸਮਸਰਿ ਬਿਹਸ ਨ ਰੋਵੈ ਹੈ ॥

ਬਹੁਤ ਸਾਰੀ ਸਾਮਗ੍ਰੀ ਦੌਲਤ ਮਿਲ ਜਾਵੇ ਤਾਂ ਖੁਸ਼ੀ ਨਹੀਂ ਅਤੇ ਬਿਪਤਾ ਜਿਸਨੂੰ ਪਵੇ ਤਾਂ ਸੋਗ ਨਹੀਂ ਸੁਖ ਦੁਖ ਬਰਾਬਰ ਹੈ ਨਾ ਸੁਖ ਵਿਚ (ਬਿਹਸ) ਹਸਦਾ ਹੈ ਅਤੇ ਨ ਦੁਖ ਵਿਚ ਰੋਂਦਾ ਹੈ।

ਸੰਪੈ ਦੇਖਿ ਨ ਹਰਖੀਐ ਬਿਪਤਿ ਦੇਖਿ ਨ ਰੋਇ।
ਜਿਉ ਸੰਪੈ ਤਿਉ ਬਿਪਤਿ ਹੈ ਬਿਧ ਨੇ ਰਚਿਆ ਸੋ ਹੋਇ ॥ (ਗਉੜੀ ਕਬੀਰ ਜੀ)
ਸੁਖੁ ਦੁਖੁ ਦੋਨੋ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ।
ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ ॥ (ਗਉੜੀ ਮਹਲਾ ੯)

ਜਨਮ ਜੀਵਨ ਮ੍ਰਿਤ ਮੁਕਤਿ ਨ ਭੇਦ ਖੇਦ
ਕੈਮਿਤ੍ਰ ਤ੍ਰਿਕਾਲ ਕਾਲ ਬੁਧਿ ਅਵਿਲੋਕ ਹੈਂ ॥

ਜੰਮਣਾ, ਮਰਣਾ, ਜੀਊਣਾ ਤੇ ਮੁਕਤੀ ਹੋਣਾ ਇਨ੍ਹਾਂ ਭੇਦਾਂ ਦੇ ਖੇਦ ਤੋਂ ਰਹਿ ਚੁਕੇ ਹਨ ਅਤੇ ਤਿੰਨਾਂ ਸਮਿਆਂ ਦੀ ਇਨ੍ਹਾਂ ਨੂੰ ਖਬਰ ਹੋ ਜਾਂਦੀ ਹੈ ਅਤ ਇਤਨਾ ਸਾਰੀ ਸੰਪ੍ਰਦਾ ਦੀ ਤੱਕਣੀ ਵਾਲੇ ਦਿਸਦੇ ਹਨ।

ਹਾਜਨ ਦੂਨ ਅੰਜਨ ਕੈ ਚੀਨਤ ਨਿਰੰਜਨ ਕੋ

ਬਿਰਲੋ ਸੰਸਾਰ ਪ੍ਰੇਮ ਭਗਤਿ ਮਾਹਿ ਭੇਟੇ ਹੈ ॥ ੪੦੯ ॥

ਗੁਰਾਂ ਦੇ ਗਿਆਨ ਰੂਪ (ਅੰਜਨ) ਸੁਰਮੇ ਨਾਲ (ਨਿਰੰਜਨ) ਮਾਇਆ ਤੋਂ ਬਿਨਾਂ ਜੋ ਵਾਹਿਗੁਰੂ ਹੈ ਉਹਨੂੰ (ਚੀਨਤ) ਜਾਣਦੇ ਹਨ ਪਰ ਐਸਾ ਕੋਈ ਵਿਰਲਾ ਹੀ ਸੰਸਾਰ ਵਿਚ ਪ੍ਰੇਮਾ ਭਗਤੀ ਵਾਲਾ ਸਿਖ ਹੈ ॥ ੪੦੯ ॥

ਪ੍ਰੇਮੀ ਗੁਰਮੁਖਾਂ ਨੂੰ ਸੰਸਾਰ ਕਿਕੁਰ ਲਭਦਾ ਫਿਰਦਾ ਹੈ ਜਿਕੁਰ ਮੂਹਰੇ ਵਰਨਨ ਹੈ ॥

ਜੈਸੇ ਤੌ ਮਿਠਾਈ ਰਾਖੀਐ ਛਪਾਇ ਜਤਨ ਕੈ
ਚੀਟੀ ਚਲ ਜਾਇ ਚੀਨ ਤਾਹਿ ਲਪਟਾਤ ਹੈ ॥

(ਚੀਟੀ) ਕੀੜੀ (ਚੀਨ) ਵੇਖਕੇ । ਜਿਕੁਰ ਮਿਠਿਆਈ ਨੂੰ ਭਾਵੇਂ ਕਿੰਨੇ ਜਤਨ ਕਰਕੇ ਲੁਕਾ ਰਖੀਏ ਪਰ ਫਿਰ ਭੀ ਓਥੇ ਕੀੜੀ ਪਹੁੰਚ ਜਾਂਦੀ ਹੈ ਅਤੇ ਉਨ ਮਿਠਿਆਈਆਂ ਨੂੰ ਵੇਖਕੇ ਤਿਸ ਨਾਲ ਚੰਬੜ ਜਾਂਦੀ ਹੈ ॥

ਦੀਪਕ ਜਰਾਇ ਜੈਸੇ ਰਾਖੀਐ ਦੁਰਾਇ ਗ੍ਰਿਹ
ਪ੍ਰਗਟ ਪਤੰਗ ਤਾਮੈ ਸਹਜ ਸਮਾਤ ਹੈ ॥

(ਗ੍ਰਿਹ) ਘਰ । ਜਿਕੁਰ ਦੀਵਾ ਭਾਵੇਂ ਜਗਾਏ ਘਰ ਵਿਚ ਛਪਾ ਰਖੀਏ ਪਰ ਫਿਰ ਭੀ ਪ੍ਰਗਟਕੇ ਪਤੰਗੇ ਉਸ ਉਤੇ ਸਹਜੇ ੨ ਆ ਮਰਨ ਲਗਦੇ ਹਨ।

ਜੈਸੇ ਤੌ ਬਿਮਲ ਜਲ ਕਮਲ ਇਕਾਂਤ ਬਸੈ
ਮਧੁਕਰ ਮਧੁ ਅਚਵਨ ਤਹਿ ਜਾਤ ਹੈ ॥

ਜਿਕੁਰ ਭਾਵੇਂ (ਬਿਮਲ) ਮੈਲ ਤੋਂ ਬਿਨਾ ਪਾਣੀ ਵਿਚ ਇਕੱਲਾ ਕਮਲ ਰਹਿੰਦਾ ਹੈ ਪਰ ਫਿਰ ਭੀ (ਮਧੁਕਰ) ਭੌਰੇ (ਮਧੁ) ਮਿਠਾਸ ਦੇ (ਅਚਵਨ) ਚਾਖਣ ਵਾਸਤੇ ਓਥੇ ਚਲੇ ਜਾਂਦੇ ਹਨ ॥

ਤੈਸੇ ਗੁਰਮੁਖ ਜਹ ਘਟ ਪ੍ਰਗਟਤ ਪ੍ਰੇਮ
ਸਕਲ ਸੰਸਾਰ ਤਹ ਦੁਆਰ ਬਿਲਲਾਤ ਹੈ ॥੪੧੦॥

ਤਿਕੁਰ ਹੀ ਜਿਸ ਗੁਰਮੁਖ ਦੇ (ਘਟ) ਹਿਰਦੇ ਵਿਚ ਪ੍ਰੇਮ ਪ੍ਰਗਟ ਹੋਂਦਾ ਹੈ ਸਾਰਾ ਸੰਸਾਰ ਉਸਦੇ ਬੂਹੇ ਤੇ ਆਕੇ (ਬਿਲਲਾਤ) ਬੇਨਤੀਆਂ ਕਰਦਾ ਹੈ ॥੪੧੦॥

ਪੂਰਾ ਗੁਰਮੁਖ ਜੇ ਆਪਣੇ ਆਪਨੂੰ ਛਪਾਵੇ ਤਾਂ ਕਿਕੁਰ ਗੁਝਾ ਨਹੀਂ ਰਹਿੰਦਾ ਜਿਕੁਰ ਅਗੇ ਵਰਨਨ ਹੈ॥

ਬਾਲਕ ਕਿਸਾਨ ਸੁਨੀਅਤਿ ਬਹੁ ਓਕ ਜੈਸੇ

ਉਦਤ ਪ੍ਰਪੰਚ ਭਾਨੁ ਦੁਰੈ ਨ ਦੁਰਾਏ ਸੈਂ ॥

(ਭਾਨੁ) ਸੂਰਜ। ਜਿਕੁਰ ਸਾਰਾ ਚਮਕਦਾ ਹੋਇਆ ਚਹੁੰ ਪਾਸਿਆਂ ਵਲ ਨੂੰ ਇਆ ਜਾਂਦਾ ਹੈ ਅਤੇ (ਪ੍ਰਪੰਚ) ਸ੍ਰਿਸ਼ਟੀ ਸਾਰਿਆਂ ਵਿਚੋਂ ਜਦ ਪ੍ਰਗਟ ਸੂਰਜ ਚੜ੍ਹਦਾ ਹੈ ਤਾਂ ਛਪਾਇਆ ਹੋਇਆ ਛਿਪਿਆ ਨਹੀਂ ਰਹਿੰਦਾ ॥

ਦੀਪਕ ਸੈ ਦਾਵਾ ਹੁਇ ਸਕਲ ਸੰਸਾਰ ਮਾਨੈ
ਘਟਿਕਾ ਸੈ ਸਿੰਧ ਜੈਸੇ ਛਿਪੈ ਨ ਛਪਾਏ ਸੈਂ ॥

(ਸਿੰਧ) ਸਮੁੰਦ੍ਰ। ਦੀਵੇ ਦੀ ਲਾਟ ਨਾਲ ਸਾਰਾ ਘਰ ਯਾ ਜੰਗਲ ਸੜ ਜਾਂਦਾ ਹੈ ਇਸ ਗਲ ਨੂੰ ਸਾਰਾ ਸੰਸਾਰ ਮੰਨਦਾ ਹੈ ਜੇ ਕੋਈ ਇਸ ਗਲ ਨੂੰ ਛਪਾਵੇ ਤਾਂ ਇਤਨੁਕ ਨਹੀਂ ਛਪਦੀ ਜਿਕੁਰ ਘੜੇ ਵਿਚ ਸਮੁੰਦ੍ਰ ਦਾ ਪਾਣੀ ਛੁਪਾਇਆ ਹੋਇਆ ਨਹੀਂ ਲੁਕਦਾ।

ਚਕ੍ਰਵੈ ਨ ਜੈਸੇ ਛਾਨੇ ਰਹਤ ਸਿੰਘਾਸਨ ਪੈ
ਦੇਸ ਮੈ ਦੁਹਾਈ ਫੇਰੈ ਮਿਟੈ ਨ ਮਿਟਾਏ ਸੈਂ ॥

(ਛਾਨੇ) ਛਪਿਆ। ਜਿਕੁਰ ਚੱਕ੍ਰਵਰਤੀ ਰਾਜਾ ਤਖਤ ਤੇ ਬੈਠਾ ਹੋਇਆ ਛਪਿਆ ਨਹੀਂ ਰਹਿੰਦਾ ਦੇਸ ਪ੍ਰਦੇਸ ਉੱਤੇ ਉਸਦੇ ਹੁਕਮ ਦੀ ਦੁਹਾਈ ਜੋ ਫਿਰੀ ਹੋਈ ਹੁੰਦੀ ਹੈ ਉਸਨੂੰ ਜੇ ਮਿਟੌਣਾ ਚਾਹੇ ਤਾਂ ਨਹੀਂ ਮਿਟਦੀ ॥

ਤੈਸੇ ਗੁਰਮੁਖ ਪ੍ਰਿਅ ਪ੍ਰੇਮ ਕੋ ਪ੍ਰਗਾਸ ਜਾਕੇ
ਗੁਪਤ ਨ ਰਹੈ ਮੌਨ ਬ੍ਰਤ ਉਪਜਾਏ ਸੈਂ ॥ ੧੧੧ ॥

ਜਿਕੁਰ ਹੀ (ਜਾਸ) ਜਿਸ ਗੁਰਮੁਖ ਦੇ ਹਿਰਦੇ ਵਿਚ (ਪ੍ਰਿਅ) ਪਿਆਰੇ ਵਾਹਿਗੁਰੂ ਦਾ ਪ੍ਰੇਮ ਪ੍ਰਗਟ ਹੋਯਾ ਹੈ ਓਹ ਛਪਿਆ ਨਹੀਂ ਰਹਿੰਦਾ ਭਾਵੇਂ (ਮੌਨ ਬ੍ਰਤ) ਚੁਪ ਕਰ ਰਖਣ ਦਾ ਵਰਤ ਪ੍ਰਗਟ ਕਰ ਰਖੇ (ਭਾਵੇਂ ਕਿਤਨੇ ਚੁਪ ਕੀਤੇ ਕਰ ਰਹੇ) ॥ ੧੧੧ ॥

ਜੇ ਕੋਈ ਸਿਖ ਗੁਰ ਮਾਰਗ ਨੂੰ ਛਡ ਦੇਵੇ ਤਾਂ ਉਹ ਗੁਰੂ ਕਾ ਸਿਖ ਨਹੀਂ ਕਹਾ ਸਕਦਾ ਜਿਕੁਰ ਮੁਹਰੇ ਵਰਨਨ ਹੈ ॥

ਜੈ ਪੀ ਦੇਖਿ ਦੀਪਕ ਪਤੰਗ ਪੱਛਮ ਹੋ ਜਾਵੈ
ਜੀਵਨ ਜਨਮ ਕੁਲ ਲਾਛਨ ਲਗਾਵਈ ॥

ਜਿਕੁਰ ਜੇ ਪਤੰਗਾ ਦੀਵੇ ਨੂੰ ਵੇਖਕੇ ਪਿਠ ਨੂੰ (ਪਾਛੇ) ਦੇਵੇ ਤਾਂ ਓਹ ਆਪਣੇ ਜੀਉਣੇ ਅਤੇ ਜਨਮ ਨੂੰ ਤੇ ਕੁਲ ਨੂੰ ਕਲੰਕ (ਲਾਛਨ) ਲਗੌਂਦਾ ਹੈ ॥

ਜੌ ਪੈ ਨਾਦ ਬਾਦ ਸੁਨ ਮ੍ਰਿਗ ਆਨ ਗਮਨ ਰਾਖੈ
ਪ੍ਰਾਨ ਸੁਖ ਹੂੰ ਸਬਦ ਬੇਧੀ ਨ ਕਹਾਵਈ ॥

ਜਿਕੂੰਹ ਜੇ ਢੋਲ ਦੇ ਸ਼ਬਦ ਨੂੰ ਸੁਣਕੇ ਹਰਨ ਹੋਰ ਆਪਣਾ ਵੱਲ ਜਾਣ ਲਗ ਜਾਵੇ (ਕਿਆ ਦੌੜ ਜਾਵੇ) ਤਾਂ ਪ੍ਰਾਣਾਂ ਨੂੰ ਸੁਖ ਭਾਂ ਨੱਕ ਹੁੰਦਾ ਹੈ ਪਰ (ਸ਼ਬਦ ਬੇਧੀ) ਸ਼ਬਦ ਨਾਲ ਵਿੰਨ੍ਹਿਆ ਜਾਣ ਵਾਲਾ ਨਹੀਂ ਕਹੀਂਦਾ ॥

ਜੌ ਪੈ ਜਲ ਸੈ ਨਿਕਸ ਰਹੈ ਸਰਜੀਤ ਮੀਨ
ਸਹੈ ਦੁਖ ਦੂਸਨ ਬਿਰਹੁ ਬਿਲਲਾਵਹੀ ॥

ਜਿਕੂੰਹ ਜੇ ਪਾਣੀ ਵਿਚੋਂ ਨਿਕਲਕੇ (ਮੀਨ) ਮੱਛ ਜੀਉਂਦਾ ਰਹੇ ਤਾਂ ਜਾਣਿਓ ਦੁਖ ਦੋਸ਼ ਸਹਾਰਦਾ ਹੈ ਅਤੇ ਤੁਰਤ ਹੀ (ਬਿਰਹੁ) ਵਿਛੋੜੇ ਦੇ ਦੁਖ ਕਰਕੇ ਵਿਰਲਾਪ ਕਰਕੇ ਮਰ ਜਾਂਦਾ ਹੈ ॥

ਸਦਾ ਭੂਲੇ ਗਿਆਨ ਧਿਆਨ ਤਜੈ ਭਜੈ ਦੁਬਿਧਾ ਕੌ
ਸੰਗਤ ਮੈ ਗੁਰਮੁਖ ਪਦਵੀ ਨ ਪਾਵਹੀ ॥ ੪੧੨॥

ਤਿਵੇਂ ਹੀ ਜੇ ਕੋਈ ਸਿਖ ਗੁਰਾਂ ਦੇ ਗਿਆਨ ਧਿਆਨ ਸੇਵਾ ਨੂੰ ਛਡ ਦੇਵੇ ਅਤੇ ਦੂਜੇ ਭਾਉ ਨੂੰ ਧਾਰਨ ਕਰੇ ਸੋ ਸਾਧ ਸੰਗਤ ਵਿਚ ਗੁਰਮੁਖਾਂ ਵਾਲੇ ਮਰਤਬੇ ਨੂੰ ਨਹੀਂ ਪਾਉਂਦਾ ॥ ੪੧੨ ॥

ਮੁਖਾ—ਜੋ ਗੁਰ ਮਾਰਗ ਨੂੰ ਫੜਦਾ ਹੈ ਉਹਦੇ ਨਾਲੋਂ ਮੁੰਹਰਲੇ ਜਾਣਦਾ ਹੀ ਹੁੰਦੇ ਹਨ।

ਜੈਸੇ ਇਕ ਚੀਟੀ ਪਾਛੈ ਕੋਟਿ ਚੀਟੀ ਚਲੀ ਜਾਤ
ਏਕ ਟਕ ਪਗ ਡਗ ਮਗ ਸਾਵਧਾਨ ਹੈ ॥

ਜਿਵੇਂ ਇਕ ਕੀੜੀ ਦੇ ਮਗਰ ਕਰੋੜਾਂ ਹੀ ਕੀੜੀਆਂ (ਇਕ ਟਕ) ਇਕਾਗਰ ਪੈਰਾਂ ਵਲ ਧਿਆਨ ਕਰਕੇ (ਡਾਵਾਂ ਡੋਲ) ਉਚੇ ਨੀਵੇਂ ਰਸਤੇ ਵਿਚ (ਸਾਵਧਾਨ) ਚਰਕੀਆਂ ਹੋਕੇ ਚਲੀਆਂ ਜਾਂਦੀਆਂ ਹਨ।

ਜੈਸੇ ਕੂੰਜ ਪਾਂਤਿ ਭਲੀ ਭਾਂਤਿ ਸੋਂਤ ਸਹਜ ਮੈ
ਉਡਤ ਅਕਾਸਚਾਰੀ ਆਗੋ ਅਗਵਾਨ ਹੈ ॥

ਜਿਵੇਂ ਕੂੰਜਾਂ ਦੀਆਂ ਡਾਰਾਂ ਚੰਗੀ ਤਰਾਂ ਸ਼ਾਂਤੀ ਨਾਲ ਸਹਿਜੇ ਹੀ ਉਡ ਰਹੀਆਂ ਹਨ ਅਤੇ ਅੱਗੇ ਚੱਲਣ ਵਾਲੀ ਆਕਾਸ਼ ਦੇ ਫਿਰਨ ਵਾਲੀ ਇਕ ਦੀ ਨਾਲ ਹੋਈ ਹੈ।

ਜੈਸੇ ਮ੍ਰਿਗ ਮਾਲ ਚਾਲ ਚਲਤ ਦਲਤ ਤਾਹਿ

ਜਤ੍ਰ ਤਤ੍ਰ ਅਗ੍ਰ ਭਾਗੀ ਰਮ੍ਹ ਤਤ ਸਗ੍ਹਾਨ ਹੈ ।।

(ਮ੍ਰਿਗਮਾਲ) ਹਰਨਾਂ ਦੀ ਡਾਰ । ਜਿਵੇਂ ਹਰਨਾਂ ਦੀ ਡਾਰ ਇਕੋ ਚਾਲ ਚਲਦੀ ਹੈ ਅਤੇ ਉਸਤੋਂ ਹਟਦੀ ਨਹੀਂ ਜਿੱਧਰ ਨੂੰ ਅਗੇ ਜਾਣ ਵਾਲਾ ਹਰਨ ਜਾਂਦਾ ਹੈ ਉਧਰ ਨੂੰ ਹੀ ਸਾਰਿਆਂ ਦਾ (ਤਤ) ਇਕ ਰਸ ਧਿਆਨ ਜਾਂਦਾ ਹੈ ।

ਚੀਟੀ ਖਗ ਮ੍ਰਿਗ ਮਨਮੁਖ ਪਾਛੈ ਲਾਗੈ ਜਾਹਿ

ਪ੍ਰਾਨੀ ਗੁਰਪੰਥ ਛਾਡ ਚਲਤ ਅਗ੍ਯਾਨ ਹੈ ।।੫੨੩।।

(ਚੀਟੀ) ਕੀੜੀ (ਖਗ) ਪੰਛੀ (ਮ੍ਰਿਗ) ਹਰਨ (ਪੰਥ) ਰਸਤਾ । ਕੀੜੀ, ਪੰਛੀ, ਹਰਨ ਆਪਣੇ ੨ ਆਗੂ ਦੇ ਅਗੇ ਪਿਛੇ ਤੁਰੇ ਜਾਂਦੇ ਹਨ ਅਤੇ ਜੋ ਜੀਵ ਗੁਰ ਮਾਰਗ ਨੂੰ ਛਡਕੇ ਚਲਦਾ ਹੈ ਉਹ ਮਹਾਨ ਅਗਿਆਨੀ ਹੈ ॥ ੫੨੩ ॥

ਜਿਸ ਗੁਰਮੁਖ ਨੂੰ ਪੂਰਾ ਪ੍ਰੇਮ ਭਗਤੀ ਦਾ ਚਾਨਣ ਹੋਇਆ ਹੈ ਉਹ ਸਾਰਿਆਂ ਨੂੰ ਇਕੁਰ ਠੱਕਾ ਲਗਾਂਦਾ ਹੈ ਜਿਵੇਂ ਮੁਹਰੇ ਵਰਨਨ ਹੈ ।

ਜੈਸੇ ਪ੍ਰਿਅ ਸੰਗਮ ਸੁਜਸ ਨਾਇਕਾ ਬਖਾਨੈ

ਸੁਨ ਸੁਨ ਸਜਨੀ ਸਗਲ ਬਿਗਸਾਤ ਹੈ ॥

(ਨਾਇਕਾ) ਇਸਤ੍ਰੀ । ਜਿਕੁਰ ਜੋ ਇਸਤ੍ਰੀ ਪਿਆਰੇ ਪਤੀ ਦਾ ਜਸ ਕਰਦੀ ਹੈ ਤਦ ਸਾਰੀਆਂ ਇਸਤ੍ਰੀਆਂ ਉਸ ਇਸਤ੍ਰੀ ਦਾ ਸ੍ਰੇਸ਼ਟ ਜਸ ਕਰਦੀਆਂ ਹਨ ਅਤੇ ਨਿੱਕੀਆਂ ੨ (ਸਜਨੀ) ਕੁੜੀਆਂ ਸੁਣਕੇ ਹਸਦੀਆਂ (ਖੁਸ਼ੀ ਹੁੰਦੀਆਂ) ਹਨ ॥

ਸਿਮਰ ਸਿਮਰ ਪ੍ਰਿਅ ਪ੍ਰੇਮ ਰਸ ਬਿਸਮ ਹ੍ਵੈ

ਸੋਭਾ ਦੇਤ ਮੋਨ ਗਹੇ ਮਨ ਮੁਸਕਾਤ ਹੈ ॥

ਪਿਆਰੇ ਪਤੀ ਦੇ ਅਸਚਰਜ ਪ੍ਰੇਮ ਦੇ ਅਨੰਦ ਨਾਲ ਪਤਿਬ੍ਰਤਾ ਇਸਤ੍ਰੀ ਨੂੰ ਵੇਖਕੇ ਹੋਰ ਸਹੇਲੀਆਂ ਉਸਦੇ ਜਸ ਕਰਤੱਬਾਂ ਨੂੰ ਯਾਦ ਕਰ ਕਰਕੇ ਸ਼ੋਭਾ ਦੇਂਦੀਆਂ ਹਨ ਪਰ ਉਹ ਅੱਗੋਂ ਚੁਪ ਕਰ ਛੱਡਦੀ ਹੈ ਅਤੇ ਹੋਰ ਕੁੜੀਆਂ ਹਸ ਦੀਆਂ ਹਨ ॥

ਪੂਰਨ ਅਧਾਨ ਪਰਸੂਤ ਸਮੈ ਰੁਦਨ ਕੈ

ਗੁਰਜਨ ਮੁਦਿਤ ਹ੍ਵੈ ਤਾਹੀ ਲਪਟਾਤ ਹੈ ॥

(ਅਧਾਨ) ਗਰਭ । ਜਦ ਕੋਈ ਮਾਤਾ ਪੈਦਾ ਹਿਦੇ ਪੂਰਾ ਵਿਆਕਲ ਪਰ

ਗਿਆਨ ਪੋਥੀ ਕਹਿਣਾ ਨ ਹੁੰਦਾ ਹੈ [illegible] ਉਤਮ ਪੁਰਸ਼ ਦੇ [illegible] ਇਸਤ੍ਰੀ ਨੂੰ [illegible] ਆਦਮੀ ਜੇਹੜਾ ਸਭ ਸੰਪਦਾ ਆਦਿਕ ਪ੍ਰਸੰਨ ਹੋਕੇ ਉਸਦੀ ਸੇਵਾ ਵਿਚ ਲਗਾਂਦੇ ਹਨ।

ਤੈਸੇ ਗੁਰਮੁਖ ਪ੍ਰੇਮ ਭਗਤਿ ਪ੍ਰਗਾਸੁ ਜਾਸੁ

ਬੋਲਤ ਬੈਰਾਗੀ ਮੋਨ ਸਬਹੁ ਸੁਹਾਤ ਹੈ ॥੬੧੪॥

ਜਿਵੇਂ ਹੀ ਜਿਸ ਗੁਰਮੁਖ ਦੇ ਹਿਰਦੇ ਵਿਚ ਪ੍ਰੇਮਾਭਗਤੀ ਦਾ ਚਾਨਣਾ ਹੋਇਆ ਹੈ ਉਹ ਚਾਹੇ ਵਿਰਾਗੀ ਬੋਲ ਬੋਲੇ ਚਾਹੇ ਚੁਪ ਕਰ ਰਹੇ ਪਰ ਸਾਰਿਆਂ ਨੂੰ ਚੰਗਾ ਲਗਦਾ ਹੈ ॥ ੬੧੪ ॥

ਗੁਰ ਸਿਖਾਂ ਨੂੰ ਗਿਆਨ ਦੇਣ ਵਾਸਤੇ ਕਥਿਆਂ ਕਰਦੇ ਹਨ ਪਰ ਜੇਹੜਾ ਸਿਖ ਗਿਆਨ ਤੋਂ ਹੀਨ ਰਹੇ ਉਹ ਕਿਸ ਕੰਮ ਦਾ ਹੈ ਜਿਵੇਂ ਮੂਹਰੇ ਵਰਨਣ ਹੈ।

ਜੈਸੇ ਵਾੜੀ ਫਲ ਹੇਤ ਬਿਬਿਧਿ ਬਿਰਖ ਰੋਪੈ

ਨਿਹਫਲ ਰਹੇ ਬਿਰਖੈ ਨ ਕਾਹੂ ਕਾਜ ਹੈ॥

ਜਿਵੇਂ (ਵਾੜੀ) ਮਾਲੀ ਫਲ (ਹੇਤ) ਵਾਸਤੇ (ਬਿਬਿਧਿ) ਨਾਨਾ ਤਰਾਂ ਦੇ ਦਰਖਤਾਂ ਨੂੰ ਪਾਣੀ ਦੇਕੇ (ਰੋਪੈ) ਖੜੇ ਕਰਦਾ ਹੈ ਪਰ ਜੇਹੜਾ ਦਰਖਤ ਫਲ ਤੋਂ ਖਾਲੀ ਰਹੇ ਉਹ ਕਿਸੇ ਕੰਮ ਦਾ ਨਹੀਂ ਹੁੰਦਾ (ਪਰ ਇਸ ਵਿਚ ਮਾਲੀ ਦਾ ਕੋਈ ਦੋਸ਼ ਨਹੀਂ ਹੈ)।

ਸੰਤਤਿ ਨਮਿਤ ਨ੍ਰਿਪ ਅਨਿਕ ਬਿਵਾਹ ਕਰੈ

ਸੰਤਤਿ ਬਿਹੂਨ ਬਨਿਤਾ ਨ ਗ੍ਰਿਹ ਛਾਜ ਹੈ ॥

(ਬਨਿਤਾ) ਇਸਤ੍ਰੀ। ਜਿਵੇਂ ਔਲਾਦ ਵਾਸਤੇ ਅਨੇਕਾਂ ਵਿਆਹ ਰਾਜਾ ਕਰਦਾ ਹੈ ਕਿਉਂਕਿ ਸੰਤਾਨ ਤੋਂ ਬਿਨਾ ਇਸਤ੍ਰੀ ਰਾਜੇ ਦੇ ਘਰ ਚੰਗੀ ਨਹੀਂ ਲਗਦੀ।

ਵਿਦਿਆ ਦਾਨ ਜਾਨ ਜੈਸੇ ਪਾਂਧਾ ਚਟਸਾਰ ਜੋਰੈ

ਵਿਦਿਆ ਹੀਨ ਹੀਨ ਖਲ ਨਾਮ ਉਪਰਾਜ ਹੈ ॥

ਜਿਵੇਂ ਪਾਂਧਾ ਵਿਦਿਆ ਦਾ ਦਾਨ ਉੱਤਮ ਜਾਣਕੇ ਕਰਨ ਲਈ ਪਾਠਸ਼ਾਲਾ ਵਿਚ ਮੁੰਡਿਆਂ ਨੂੰ ਕਠਿਆਂ ਕਰਦਾ ਹੈ ਅਤੇ ਜੇਹੜੇ ਉਸ ਸ਼ਾਲਾ ਵਿਚੋਂ ਵਿਦਿਆ ਤੋਂ ਹੀਨ ਹੋਕੇ ਨਿਕਲਣ ਉਹ ਆਪਣੇ ਨਾਂ ਨੂੰ ਨਾਲਾਇਕ ਮੂਰਖ ਪ੍ਰਗਟ ਕਰਾਉਂਦੇ ਹਨ (ਭਾਵ ਅਣਪੜ੍ਹ ਆਦਮੀ ਨੂੰ ਚੰਗੀ ਨੌਕਰੀ ਨਹੀਂ ਮਿਲਦੀ ਪਰ ਪੜ੍ਹਾਉਣ ਵਾਲੇ ਨੂੰ ਕੋਈ ਦੋਸ਼ ਨਹੀਂ)।

ਪਤਿਤ ਪੁਨੀਤ ਸਿਖ ਸਾਧੂ ਸੰਗਤਿ ਕੇ ਪ੍ਰਤਾਪ ਤੀਰਥ
ਬਿਨ ਗੁਰ ਗਿਆਨ ਧ੍ਰਿਗ ਜਨਮ ਕੋ ਹਾਰ ਹੈ ॥੪੧੫॥

ਤਿਕੁਣ ਹੋ ਸਤਗੁਰੂ ਸਿਖ ਦੀ ਨਯਾਈਂ ਤੀਰਥਾਂ ਨੂੰ ਦੇਣ ਆਦਿ [illegible] ਦੇ (ਸੰਗਤੇ) ਅਨੇਕ ਬੜ ਮੇਲ ਨੂੰ ਫੇਲਦੇ ਹਨ ਪਰ ਜੋ ਸਿਖ ਗੁਰਾਂ ਦੇ ਗਿਆਨ ਨੂੰ ਫਲ ਤੋਂ ਬਿਨਾ ਰਹੇ ਉਸਨੂੰ ਧ੍ਰਿਕਾਰ ਹੈ ਅਤੇ ਉਸਦੇ ਜਨਮ ਧਾਰੇ ਨੂੰ ਭੀ ਫਜਿਆ ਹੈ ਕਿ ਓਹ ਬਿਅਰਥ ਹੈ ॥ ੪੧੫ ॥

ਗੁਰਾਂ ਦੇ ਚਰਨਾਂ ਦੀ ਖਾਕ ਦੀ ਬਰਾਬਰੀ ਸੁਹਰਲੇ ਤੀਰਥ ਨਹੀਂ ਕਰ ਸਕਦੇ ॥

ਸੁਰਸਰੀ ਸੁਰਸੁਤੀ ਜਮਨਾ ਔ ਗੋਦਾਵਰੀ
ਗਯਾ ਪ੍ਰਾਗ ਸੇਤ ਕੁਰਖੇਤ ਮਾਨ ਸਰ ਹੈ ॥

੧ ਗੰਗਾ ੨ ਸੁਰਸੁਤੀ ੩ ਜਮਨਾ ਅਤੇ ੪ ਗੋਦਾਵਰੀ ੫ ਗਯਾ ੬ ਪ੍ਰਯਾਗ ੭ (ਸੇਤ) ਰਾਮੇਸੁਰ ੮ ਕੁਰਖੇਤ੍ਰ ੯ (ਮਾਨਸਰ) ਤਲਾ ॥

ਕਾਸ਼ੀ ਕਾਂਤੀ ਦ੍ਵਾਰਾਵਤੀ ਮਾਯਾ ਮਥੁਰਾ ਅਜੁਧਯਾ
ਗੋਮਤੀ ਅਵੰਤਿਕਾ ਕਿਦਾਰ ਹਿਮਧਰ ਹੈ ॥

੧੦ ਸ਼ਿਵ ਪੁਰੀ ੧੧ ਕਾਂਤੀ ਪੁਰੀ ੧੨ ਦੁਆਰਕਾ ਨਾਥ ੧੩ ਮਾਯਾ ਖੇਤ੍ਰ ੧੪ ਕ੍ਰਿਸ਼ਨ ਪੁਰੀ ੧੫ ਰਾਮ ਚੰਦ੍ਰ ਦੀ ਜਨਮ ਭੂਮਕਾ ੧੬ ਗੋਮਤੀ ਤੀਰਥ ੧੭ ਅਵੰਤਕਾ ਤੀਰਥ ੧੮ ਕਿਦਾਰ ਨਾਥ ੧੯ ਹਿਮਾਚਲ ਬਰਫ ਦਾ ਪਹਾੜ ॥

ਨ੍ਰਬਦਾ ਬਿਬਿਧ ਬਨ ਦੇਵਸਥਲ ਕੈਲਾਸ
ਨੀਲ ਮੰਦਰਾਚਲ ਸੁਮੇਰ ਗਿਰਵਰ ਹੈ ॥

੨੦ ਨਰਬਦਾ ਨਦੀ ੨੧ ਨਾਨਾ ਤਰਾਂ ਦੇ ਦੇਵਤਿਆਂ ਦੇ ਬਨ ੨੨ ਅਤੇ ਦੇਵਤਿਆਂ ਦੇ ਰਹਣ ਵਾਲਿਆਂ ਦੇ ਸਥਾਨ ੨੩ ਕੈਲਾਸ਼ ਪਹਾੜ ਸ਼ਿਵਜੀ ਦਾ ਘਰ ੨੪ ਨੀਲ ਧਾਰਾ ੨੫ ਮੰਦ੍ਰਾਚਲ ਪਰਬਤ ੨੬ ਸੁਮੇਰ ਪਰਬਤ ੨੭ ਹੋਰ ਪਵਿੱਤ੍ਰ ਰਲੀ ਪਹਾੜ ॥

ਤੀਰਥ ਅਨੇਕ ਸਤ ਧਰਮ ਦਯਾ ਸੰਤੋਖ

*ਸ੍ਰੀ ਗੁਰਦਰਸਨ ਤੁਲ ਤੁਲ ਨ ਸਮਾਨ ਹੈ ॥ਕਿ ੫੧੭॥

ਜਿਨ੍ਹਾਂ ਨੂੰ ਉਪ੍ਰੋਕਤ ਜੀਵਨ ਹਨ ਅਠੇ (ਅਨੇਕ) ਪਰ ਪਦਾਰਥ [illegible] ਕੁਲ ਵਿਚਾਰ ੨੮ ਸਭ ਫਲਦ ਨਾਲੇ ੨੯ ਪਰਮ ਕਰਨ ਵਾਲੇ ੩੦ ਦਰਸ਼ਨ ੩੧ ਸੰਤੋਖ ਜਾਣ ਵਾਲੇ ੩੨ ਏ (ਸਗਰ) ਸਭ ਸੁਭਾਇਮਾਨ ਗੁਰਾਂ ਦੇ ਚਰਨ ਕਮਲਾਂ ਦੀ (ਰਜ) ਧੂੜੀ (ਧਾਕ) ਦੇ (ਤੁਲ) ਬਰਾਬਰ ਨਹੀਂ ਭਾਵ ਏਨਾ ਸਾਰਿਆਂ ਦੇ ਦਰਸ਼ਨ ਦਾ ਇਤਨਾਂ ਮਹਾਤਮ ਨਹੀਂ ਜਿੰਨਾ ਕਿ ਗੁਰਚਰਨ ਧੂੜੀ ਦਾ ਹੈ ॥੫੧੬॥

ਗੁਰਾਂ ਦੀ ਚਰਨ ਸਰਨ ਤਾਂ ਭਾਵੇਂ ਅਨੇਕਾਂ ਸਿਖ ਆਂਵਦੇ ਹਨ ਪਰ ਜੀਵਨ ਮੁਕਤੀ ਜਿਸ ਨੂੰ ਗੁਰੂ ਬਖਸ਼ਨ ਉਸ ਨੂੰ ਇਉਂ ਮਿਲਦੀ ਹੈ ਜਿਵੇਂ ਕਿ ਅਗੇ ਦ੍ਰਿਸ਼ਟਾਂਤ ਹੈ ॥

ਜੈਸੇ ਕੁਆਰ ਕੰਨਿਆ ਮਿਲਿ ਖੇਲਤ ਅਨੇਕ ਸਖੀ
ਸਕਲ ਕੋ ਏਕੈ ਦਿਨ ਹੋਤ ਨ ਬਿਵਾਹ ਜੀ ॥

ਜਿਵੇਂ ਮਿਲਕੇ ਕੁਆਰੀਆਂ ਕੁੜੀਆਂ ਬਾਹਰਲੀਆਂ ਖੇਡਦੀਆਂ ਹਨ ਪਰ ਸਾਰੀਆਂ ਸਖੀਆਂ ਦਾ ਵਿਆਹ ਇਕ ਦਿਨ ਵਿਚ ਹੀ ਨਹੀਂ ਹੋ ਜਾਂਦਾ ॥

ਜੈਸੇ ਬੀਰ ਖੇਤ ਬਿਖੈ ਜਾਤ ਹੈ ਸੁਭਟ ਜੇਤੇ
ਸਬੈ ਨ ਮਰਤ ਤੇਤੇ ਸਸਤ੍ਰ ਸਨਾਹ ਜੀ ॥

(ਜਾਰ ਖੇਤ) ਜੰਗ ਦੀ ਥਾਂ (ਸਨਾਹ) ਸੰਜੋਆਂ ਜਿਵੇਂ ਸਨੱਧ ਬੱਧ ਹੋਕੇ ਜਿਤਨੇ ਸੂਰਮੇ ਜੰਗ ਵਿਚ ਜਾਂਦੇ ਹਨ ਸਭ ਮਾਰੇ ਹੀ ਨਹੀਂ ਮਰ ਜਾਂਦੇ ॥

ਬਾਵਨ ਸਮੀਪ ਜੈਸੇ ਬਿਬਿਧ ਬਨਾਸਪਤੀ
ਏਕੈ ਬੇਰ ਚੰਦਨ ਕਰਤ ਹੈ ਨ ਤਾਹਿ ਜੀ ॥

ਜਿਵੇਂ ਬਾਵਨ ਚੰਦਨ ਦੇ (ਸਮੀਪ) ਪਾਸ ਨਾਨਾ ਤਰ੍ਹਾਂ ਦੇ ਬੂਟੇ ਹੁੰਦੇ ਹਨ ਪਰ ਇਕੋ ਵੇਰੀ ਹੀ ਤੇ ਨਹੀਂ ਸਾਰਿਆਂ ਨੂੰ ਚੰਦਨ ਬਣਾ ਦੇਂਦਾ ॥

---

* ਬਹੁਤ ਸਾਰੇ ਗਿਆਨੀ ਲੋਗ ਇਸ ਕਬਿੱਤ ਦਾ ਕਥਾ ਦੇ ਅੰਤ ਵਿਚ ਨਿਯਮਾਨੁਸਾਰ ਪਾਠ ਕਰਕੇ ਫਿਰ ਵੀ ਹੀਰਾ ਆਦਕ ਤੀਰਥਾਂ ਤੇ ਤੁਰਦੀ ਲੈਣ ਜਾਂਦੇ ਹਨ ਅਤੇ ਸਫਲ ਸੇਵਾ ਕਹਿਣ [illegible] ਇਸ ਕਬਿੱਤ ਨੂੰ ਸੁਣ ਕਰ ਲੈਂਦੇ ਹਨ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕਥਾ ਦੇ ਅੰਤ ਵਿਚ ਤੀਰਥਾਂ ਦੇ [illegible] ਸਮਝਦੇ ਹਨ ਪਰ ਉਹ ਮੰਤ੍ਰੀ ਪੀਰਜੀਦੇ [illegible] ਨਹੀਂ [illegible] ਸਾਰੇ ਹੀ ਤੀਰਥਾਂ ਦੀ [illegible] ਬਰਾਬਰ ਹੈ ॥

ਤੈਸੇ ਗੁਰ ਚਰਨ ਸਰਨਿ ਸਾਧ ਹੈ ਸਕਤ
ਜੀਵਨ ਮੁਕਤਿ ਪਦ ਚਾਹਤ ਹੀ ਜਾਹਿ ਜੀ ॥੪੧੭॥

ਤਿਵੇਂ ਹੀ ਗੁਰਾਂ ਦੇ ਚਰਨਾਂ ਦੀ ਸਰਨ ਭਾਂ ਭਾਵੇਂ ਸਾਧ ਹੀ ਸਕਦਾ ਜਾਂਦਾ ਹੈ ਪਰ ਜਿਸਨੂੰ ਗੁਰੂ ਜੀ ਚਾਹੁੰਦੇ ਹਨ ਉਸਨੂੰ ਜੀਵਨ ਮੁਕਤੀ ਦਾ (ਪਦ) ਦਰਜਾ ਦੇਂਦੇ ਹਨ ॥ ੪੧੭ ॥

ਸਤਿਗੁਰੂ ਆਪ ਵਾਹਿਗੁਰੂ ਵਿਚ ਮਗਨ ਹੋਏ ਹੋਣ ਤੇ ਹੀ ਸਿਖਾਂ ਨੂੰ ਇਵੇਂ ਤਾਰ ਸਕਦੇ ਹਨ ਜਿਵੇਂ ਸੁਧਰੇ ਦ੍ਰਿਸ਼ਟਾਂਤ ਹੈ ॥

ਜੈਸੇ ਗ੍ਵਾਰ ਗਾਇਨ ਚਰਾਵਤ ਜਤਨ ਕਰਿ
ਖੇਤ ਨ ਪਰਤ ਸਬੈ ਚਰਤ ਅਘਾਇ ਕੈ ॥

ਜਿਵੇਂ ਵਾਗੀ (ਗਊਆਂ) ਡੰਗਰਾਂ ਨੂੰ ਚੁਕੰਨਾ ਹੋਕੇ ਜੂਹ ਵਿਚ ਚਾਰਦਾ ਹੈ ਅਤੇ ਪੈਲੀ ਵਿਚ ਨਹੀਂ ਪੈਣ ਦਿੰਦਾ ਇਸ ਲਈ ਬਾਹਰੋਂ ਘਾਹ ਖਾਕੇ ਰਜਦੇ ਹਨ ॥

ਜੈਸੇ ਰਾਜਾ ਧਰਮ ਸਰੂਪ ਰਾਜਨੀਤਿ ਵਿਖੈ
ਤਾਕੇ ਦੇਸ ਪਰਜਾ ਬਸਤ ਸੁਖ ਪਾਇ ਕੈ ॥

ਜਿਵੇਂ ਰਾਜਾ ਰਾਜਨੀਤੀ ਵਿਚ ਚੁਕੰਨਾ ਧਰਮ ਦੀ ਮੂਰਤੀ ਹੋਵੇ ਤਾਂ ਉਸ ਦੇ ਦੇਸ ਦੀ ਪਰਜਾ ਸੁਖ ਪਾਕੇ ਵਸਦੀ ਹੈ । (ਰਾਜੇ ਭਲੀ ਨਿਆਂ ਕਰੀ)

ਜੈਸੇ ਹੋਤ ਖੇਵਟ ਚੇਤੰਨ ਸਾਵਧਾਨ ਜਾਮੈ
ਲਾਗੇ ਨਿਰਬਿਘਨ ਬੋਹਿਥ ਪਾਰ ਜਾਇ ਕੈ ॥

(ਖੇਵਟ) ਮਲਾਹ (ਬੋਹਥ) ਜਹਾਜ ਜਿਵੇਂ (ਚੇਤੰਨ) ਸਿਆਣਾ ਮਲਾਹ (ਸਾਵਧਾਨ) ਚੁਕੰਨਾ ਜਿਸ ਜਹਾਜ ਵਿਚ ਹੋਵੇ ਤਾਂ ਉਹ ਜਹਾਜ ਨਿਰਬਿਘਨ ਪਾਰ ਜਾ ਲਗਦਾ ਹੈ ॥

ਤੈਸੇ ਗੁਰ ਉਨਮਨ ਮਗਨ ਬ੍ਰਹਮ ਜੋਤਿ
ਜੀਵਨ ਮੁਕਤਿ ਕਰੈ ਸਿਖ ਸਮਝਾਇ ਕੈ ॥੪੧੮॥

ਤਿਵੇਂ ਹੀ ਗੁਰੂ (ਉਨਮਨੀ) ਤੁਰੀਆ ਪਦ (ਬ੍ਰਹਮ) ਵਾਹਿਗੁਰੂ ਦੀ ਜੋਤੀ ਵਿਚ ਜੇ ਆਪ (ਮਗਨ) ਮਸਤ ਹੋਣ ਤਾਂ ਸਿਖਾਂ ਨੂੰ ਸਮਝਾ ਕੇ ਜੀਵਨ ਮੁਕਤ ਕਰ ਸਕਦੇ ਹਨ ॥

ਜੈਸੇ ਗੁਰੂ ਕਈ ਬਾਲਿ [illegible] ਆਪ ਮੁਕਤਿ ਜੀਵ ਕਰੇ ॥

ਜਿਨ ਮਿਲਿਆ ਮਨ ਹੋਇ ਅਨੰਦੁ ਸੋ ਸਤਿਗੁਰੁ ਕਹੀਐ ॥ ਪਰ ਕਸੌਟ ਜੀ ਆਪਣੇ ਪਲ ਜੇ ਵਿਛੁੜਦੇ ਗੁਰੂ ਨਾ ਹੋਣ ਤਾਂ ਮੈਂ ਉਨਾਂਦਾ ਏਹ [illegible] ਕਰਾਂਗਾ। ਧਨਾਸਰੀ ਮਹਲਾ ੧ ਮੂੜਉ ਬਿਧ ਗੁਰੂ ਕੀ ਸਾਖ ਕਰਮ ਨ ਜਾਇ। ਆਪ ਭੁਲੇ ਸਹੁ ਖੇਦ ਮਹਿ ਉਲਟੇ ਦੀਏ ਬਹਾਇ ॥ ੫੧੮ ॥

ਤ੍ਰਿਪੇਰਨਾ ਹੋਛੇ ਗੁਰੂ ਤੋਂ ਬਿਮੁਖ ਜੇਹੜਾ ਸਿਖ ਹੈ ਉਸਦਾ ਕਲੰਕ ਕਿਸੇ ਤਰ੍ਹਾਂ ਨਹੀਂ ਦੂਰ ਹੁੰਦਾ ॥

ਜੈਸੇ ਧਾਤੁ ਧਾਇਲ ਕੋ ਜਤਨ ਕੈ ਨੀਕੋ ਹੋਤ

ਪੀਰ ਮਿਟ ਜਾਇ ਲੀਕ ਮਿਟਤ ਨ ਪੇਖੀਐ ॥

ਜਿਵੇਂ ਜਾਮਨੀ ਦਾ ਫਟ ਜਤਨ ਕਰਕੇ (ਨੀਕੋ) ਹਰਾ ਤੇ ਚੰਗਾ ਹੋ ਜਾਂਦਾ ਹੈ ਅਤੇ ਪੀੜ ਦੀ ਦੂਰ ਹੋ ਜਾਂਦੀ ਹੈ ਪਰ (ਲੀਕ) ਜੋ ਫੱਟੇ ਫਟ ਆਦਿਕ ਦੀ ਨਸ਼ਾਨ ਦਾ ਹੁੰਦਾ ਹੈ ਉਹ ਕਦੀ ਦੂਰ ਹੁੰਦਾ (ਵੇਖਿਆ) ਹੈ ॥

ਜੈਸੇ ਫਾਟੇ ਅੰਬਰੋ ਸੀਆਇ ਪੁਨ ਓਢੀਅਤਿ

ਨਾਗੋ ਤੋ ਨਾ ਹੋਇ ਤਊ ਥੇਗਰੀ ਪਰੇਖੀਐ ॥

(ਅੰਬਰੋ) ਕਪੜਾ (ਥੇਗਰੀ) ਟਾਕੀ। ਜਿਵੇਂ ਪਾਟਾ ਹੋਯਾ ਕਪੜਾ ਸੀਊਂ ਕੇ ਉਪਰ ਲਈਏ ਦਾ ਹੈ ਅਤੇ ਨੰਗੀ ਤੇ ਨਹੀਂ ਹੋਈਦਾ ਪਰ ਉਹ ਟਾਕੀ ਲਗੀ ਹੋਈ ਜਾਪਦੀ ਹੈ ॥

ਜੈਸੇ ਫੂਟੇ ਬਾਸਨ ਸਵਾਰ ਦੇਤ ਹੈ ਠਠੇਰੋ

ਗਿਰਤ ਨ ਪਾਨੀ ਪੈ ਗਠੀਲੋ ਭੇਖ ਭੇਖੀਐ (ਦੇਖੀਐ) ॥

ਜਿਵੇਂ ਟੁਟੇ ਹੋਇ ਭਾਂਡੇ ਨੂੰ ਠਠੇਰਾ ਸਵਾਰ ਕੇ ਠੀਕ ਕਰ ਦਿੰਦਾ ਹੈ ਭਾਵੇਂ ਪਾਣੀ ਤਾਂ ਵਿਚੋਂ ਨਹੀਂ ਡੁਲ੍ਹਦਾ ਪਰ ਗੰਢ ਵਾਲਾ (ਭੇਖ) ਰੂਪ ਵੇਖੀਦਾ ਹੈ ॥

ਤੈਸੇ ਗੁਰ ਚਰਨ ਬਿਮੁਖ ਦੁਖ ਦੇਖ ਪੁਨ

ਸਰਨ ਗਹੇ ਪੁਨੀਤ ਪੈ ਕਲੰਕ ਲੇਖੀਐ ॥੫੧੯॥

ਤਿਵੇਂ ਹੀ ਗੁਰਾਂ ਦੇ ਚਰਨਾਂ ਤੋਂ ਬਿਮੁਖ ਸਿਖ ਹੋ ਜਾਵੇ ਤਾਂ ਉਸਨੂੰ ਬਹੁਤ ਸਾਰੇ ਦੁਖ ਦੇਖਣੇ ਪੈਂਦੇ ਹਨ ਫਿਰ ਉਨ੍ਹਾਂ ਦੁਖਾਂ ਦੇ ਡਰ ਕਰਕੇ ਜੋ ਸਿਰਾਤ ਦੇ [illegible] (ਮੈਂ ਕਰਦੀ ਆ ਸਭੇ ਸਰਨਾਇ ਪੜਗੀ) ਗੁਰਾਂ ਦੀ ਸ਼ਰਨ ਆਵੇ ਤਾਂ ਜਨਮ ਕੇ ਕਰ (ਪੁਨੀਤ) ਪਵਿਤ੍ਰ ਤਾਂ ਹੋ ਸਕਦੇ ਹਨ ਪਰ ਉਹ ਕਲੰਕ ਜੋ ਲਿਖਿਆ ਹੋਯਾ ਹੈ (ਜਿਵੇਂ ਮੈਂ ਬੇਬੂ ਵਿਚੋਂ ਨਾਮ ਲਿਆ ਜੀਆ ਸਭੇ [illegible] ਨੇ ਕਿਰਪਾਨੀ ਕੀਤੀ ਸੀ) ਫੇਰ ਨਹੀਂ ਮਿਟਦਾ ॥ ੫੧੯ ॥

ਜੋ ਲੋਕਾਂ ਵੇਦਾਂ ਦੇ ਗਿਆਨ ਵਿਚ ਲਗਾ, ਹੋ ਜਿਸ ਨੇ ਉਮਰ ਬਿਤਾਈ॥

ਦੇਖ ਦੇਖ ਦ੍ਰਿਸ਼ਟਿ ਦਰਸ ਮਹਿਮਾ ਨ ਜਾਨੀ
ਸੁਨ ਸੁਨ ਸ਼ਬਦ ਮਹਾਤਮ ਨ ਜਾਨਿਓ ਹੈ ॥

ਨੇਤ੍ਰਾਂ ਦੀ ਨਜ਼ਰ ਨਾਲ ਵੇਖਕੇ ਗੁਰਾਂ ਦੇ ਦਰਸ਼ਨ ਦੀ ਮਹਿਮਾ ਨਾ ਜਾਣੀ ਅਤੇ ਕੰਨਾਂ ਨਾਲ ਸ਼ਬਦ ਸੁਣਕੇ ਸ਼ਬਦ ਦਾ ਫਲ ਨਾ ਜਾਣਿਆ ॥

ਗਾਇ ਗਾਇ ਚੀਨਿਓ ਨ ਗੁਨ ਗਨ ਗੁਨ ਨਿਧਾਨ
ਹਸਿ ਹਸਿ ਪ੍ਰੇਮ ਕੋ ਪ੍ਰਤਾਪ ਨ ਪਛਾਨਿਓ ਹੈ ॥

ਗੁਣਾਂ ਦੇ ਖ਼ਜ਼ਾਨੇ (ਵਾਹਿਗੁਰੂ) ਦੇ ਗੁਣ (ਗਨ) ਬਹੁਤੇ ਗਾ ਗਾ ਕੇ ਪਹਿਚਾਨਣ ਦੀ ਸ਼ਕਤੀ ਨਾ ਜਾਣੀ ਅਤੇ ਹਸ ਹਸਕੇ ਪ੍ਰੇਮ ਦਾ ਪ੍ਰਤਾਪ ਨਾ ਪਛਾਣਿਆ।

ਰੋਇ ਰੋਇ ਬਿਰਹੁ ਬਿਓਗ ਕੋ ਨ ਸੋਗ ਜਾਨਿਓ
ਮਨ ਗਹਿ ਗਹਿ ਮਨ ਮੁਗਧ ਨ ਮਾਨਿਓ ਹੈ ॥

ਪੁਤ੍ਰ ਧੀਆਂ ਦੇ ਮੋਹ ਕਰਕੇ ਵਿਛੋੜੇ ਵਿਚ ਰੋਂਦਾ ਰਿਹਾ ਅਤੇ ਪਰਮਾਤਮਾ ਦੇ ਵਿਛੋੜੇ ਵਿਚ ਸ਼ੋਕ ਕਰਨਾ ਨਾ ਜਾਣਿਆ ਅਤੇ ਮਨ ਨੂੰ ਵਸ ਕਰਨਾ ਨਾ ਕਰਦਾ ਰਿਹਾ ਪਰ ਮਨ ਮੂਰਖ ਪ੍ਰਮਾਤਮਾ ਵਿਚ ਨਾ ਮੰਨਿਆਂ।

ਲੋਗ ਬੇਦ ਗਿਆਨ ਉਨਮਾਨ ਕੈ ਨ ਜਾਨ ਸਕਿਓ
ਜੀਵਨ ਜਨਮ ਧ੍ਰਿਗ ਬਿਮੁਖ ਬਿਹਾਨਿਓ ਹੈ॥੪੨੦

ਲੋਕਾਂ ਅਤੇ ਵੇਦਾਂ ਸ਼ਾਸਤ੍ਰਾਂ ਦੇ ਗਿਆਨ ਵਿਚ ਲਗਕੇ ਪਰਮਾਤਮਾ ਦੇ (ਉਨਮਾਨ) ਵਿਚਾਰ ਨੂੰ ਨਾ ਜਾਣ ਸਕਿਆ ਉਸਦੇ ਜੀਉਣੇ ਅਤੇ ਜਨਮ ਨੂੰ ਧ੍ਰਿਕਾਰ ਹੈ ਕਿਉਂਕਿ ਵਾਹਿਗੁਰੂ ਪਰਮਾਤਮਾ ਤੋਂ ਬਿਮੁਖ ਹੋਕੇ ਉਸਨੇ ਜਨਮ ਗੁਆਇਆ ਹੈ ॥ ੪੨੦ ॥

ਗੁਰੂ ਜੀ ਦੇ ਚਰਨਾਂ ਦੀ ਧੂੜੀ ਜਿੰਦਦੇ ਮਥੇ ਨੂੰ ਲਗ ਜਾਵੇ ਉਸਦੀ ਮਹਿਮਾ ਇੰਦ੍ਰ ਦੇ ਦੇਵਤਿਆਂ ਪਾਸੋਂ ਵੀ ਵੱਡੀ ਹੈ।

ਕੋਟਨਿ ਕੋਟਾਨਿ ਮਨਿ ਕੋ ਚਮਤਕਾਰ ਵਾਰੇ
ਸਸੀਅਰ ਸੂਰ ਕੋਟ ਕੋਟਨਿ ਪ੍ਰਗਾਸ ਜੀ ॥

ਕਰੋੜਾਂ ਹੀ ਮਣੀਆਂ ਦੇ ਕਰੋੜਾਂ ਤਰਾਂ ਦੇ ਚਮਤਕਾਰੇ ਅਤੇ ਕਰੋੜਾਂ ਹੀ ਚੰਦ੍ਰਮਾਂ ਅਤੇ ਸੂਰਜ ਜੋ ਕਰੋੜਾਂ ਤਰਾਂ ਦੇ ਚਾਨਣ ਵਾਰ ਸੁਟੇ ਹੋਣ ॥

ਕੋਟਨਿ ਕੋਟਾਨਿ ਭਾਗ ਪੂਰਨ ਪ੍ਰਤਾਪ ਤਾਂਕੈ
ਕੋਟਾ ਮਨ ਸੋਭਿਕੈ ਹੈ ਸੁਜਸ ਨਿਵਾਸ ਜੀ ॥

ਕਰੋੜਾਂ ਹੀ ਪੂਰੇ ਪ੍ਰਤਾਪ ਅਤੇ ਕਰੋੜਾਂ ਹੀ ਸਜਾਵਟਦੇ ਭਾਗ ਅਤੇ ਪ੍ਰਕਾਸ਼ ਵਾਲੇ ਯੋਗੀ (ਭਾਗਿਆਂ) ਦੀ ਜੋ ਸ੍ਰੇਸ਼ਟ ਜਸ ਵਾਲੀ ਕੀਰਤੀ ਹੁੰਦੀ ਹੋਈ ਹੈ

ਸਿਵ ਸਨਕਾਦਿ ਬ੍ਰਹਮਾਦਿਕ ਮਨੋਰਥ ਕੈ
ਤੀਰਥ ਕੋਟਾਨਿ ਕੋਟ ਬਾਂਛਤ ਹੈ ਤਾਸ ਜੀ ॥

ਕਰੋੜਾਂ ਹੀ ਸਿਵਜੀ ਤੇ ਬ੍ਰਹਮਾ ਦੇ ਚਾਰ ਪੁਤ੍ਰ ਆਦਿਕ ਅਤੇ ਬ੍ਰਹਮਾ ਜਿਹੇ ਆਦਿਕ ਮਨ ਦੇ ਪ੍ਰਯੋਜਨ ਕਰਕੇ ਅਤੇ ਕਰੋੜਾਂ ਹੀ ਤੀਰਥ (ਨਾਮ) ਜਿਸ ਸਿਖ ਦੇ ਚਰਨਾਂ ਦੀ ਧੂੜੀ ਨੂੰ (ਬਾਂਛਤ) ਚਾਹੁੰਦੇ ਹਨ ॥

(ਮਸਤਕ) ਦਰਸਨ ਸੋਭਾ ਕੇ ਮਹਾਤਮ ਅਗਾਧ ਬੋਧ
ਸ੍ਰੀ ਗੁਰ ਚਰਨ ਰਜ ਮਾਥੇ ਲਾਗੈ ਜਾਸ ਜੀ ॥੩੨੧

ਸਤਿਗੁਰਾਂ ਦੇ ਚਰਨਾਂ ਦੀ ਧੂੜੀ (ਖਾਕ) ਜਿਸ ਸਿਖ ਦੇ ਚੰਗੀ ਤਰ੍ਹਾਂ ਮੱਥੇ ਨੂੰ ਲੱਗ ਜਾਵੇ ਉਸਦੇ ਦਰਸ਼ਨ ਦੀ ਸੋਭਾ ਉਪਮਾ ਕਥਿ ਪਾਸੋਂ ਨਹੀਂ ਆਖੀ ਜਾਂਦੀ ॥ ੩੨੧ ॥

ਉੱਤਮ ਸਿਖ ਗੁਰਾਂ ਅਗੇ ਇਕੂਰ ਦੀ ਬੇਨਤੀ ਕਰਦਾ ਹੈ ।

ਸਵੈਯਾ-ਖਗ ਉਰਗ ਮ੍ਰਿਗ ਮੀਨ ਪਤੰਗ ਚਰਾਚਰ
ਜੋਨਿ ਅਨੇਕ ਬਿਖੈ ਭ੍ਰਮਿ ਆਇਓ ॥

ਪੰਛੀ ਸਰਪ, ਮਿਰਗ, ਮੱਛ, ਪਤੰਗਾ ਹੋਰ ਜੜ ਚੇਤਨ ਜੀਵ ਜੋ ਹਨ ਇਨ੍ਹਾਂ ਸਭਨਾਂ ਅਨੇਕਾਂ ਹੀ ਜੂਨੀਆਂ ਵਿਚ ਭੌਂਦਾ ਆਇਆ ਹਾਂ ॥

ਕਈ ਜਨਮ ਭਏ ਕੀਟ ਪਤੰਗਾ । ਕਈ ਜਨਮ ਗਜ ਮੀਨ ਕੁਰੰਗਾ ।
ਕਈ ਜਨਮ ਪੰਖੀ ਸਰਪ ਹੋਇਓ । ਕਈ ਜਨਮ ਹੈਵਰ ਬ੍ਰਿਖ ਜੋਇਓ ।
ਮਿਲੁ ਜਗਦੀਸ ਮਿਲਨ ਕੀ ਬਰੀਆ । ਚਿਰੰਕਾਲ ਇਹ ਦੇਹ ਸੰਜਰੀਆ ।
ਕਈ ਜਨਮ ਸੈਲ ਗਿਰਿ ਕਰਿਆ । ਕਈ ਜਨਮ ਗਰਭ ਹਿਰਿ ਖਰਿਆ ।
ਕਈ ਜਨਮ ਸਾਖ ਕਰਿ ਉਪਾਇਆ । ਲਖ ਚਉਰਾਸੀਹ ਜੋਨਿ ਭ੍ਰਮਾਇਆ ।

ਗਉੜੀ ਮਹਲਾ ੫

ਕੇਤਿਆ ਕੇ ਬਾਪ ਕੇਤਿਆ ਕੇ ਬੇਟੇ ਕੇਤੇ ਗੁਰ ਚੇਲੇ ਹੂਏ,
ਆਗੈ ਪਾਛੈ ਬੇਅੰਤੁ ਨ ਜਾਪੈ ਕਿਆ ਜਾਤੀ ਕਿਆ ਹੁਣਿ ਹੂਏ ॥

[illegible]

ਸੁਨ ਸੁਨ ਸਾਖਿ ਰਸਾਤਲ ਭੂਤਲ

ਦੇਵ ਪੁਰੀ ਪੂਰਿ ਲੈ ਬਹੁ ਧਾਇਓ ॥

(ਇਹੁ ਰੁਹ ਦੇ ਦੁਖਾਂ ਉਪ੍ਰੋਕਤ ਤੋਂ ਡਰਦਿਆਂ) ਕੰਨਾਂ ਨਾਲ ਸਾਖੀਆਂ ਸੁਣਕੇ (ਰਸਾਤਲ) ਪਤਾਲ ਅਤੇ (ਭੂਤਲ) ਸਾਰੀ ਧਰਤੀ ਅਤੇ ਦੇਵਤਿਆਂ ਦੀ ਨਗਰੀ ਤਕ [illegible] ਭਜਾ ਫਿਰਿਆ (ਕਿ ਮੇਰੀ ਕੋਈ ਰੱਖਿਆ ਕਰੇ)।

ਜੋਗ ਹੂ ਭੋਗ ਦੁਖਾਦਿ ਸੁਖਾਦਿਕ

ਧਰਮ ਅਧਰਮ ਸੁ ਕਰਮ ਕਮਾਇਓ ॥

(ਉਪ੍ਰੋਕਤ ਦੁਖਾਂ ਵਿਚ ਪੈਣ ਦਾ ਕਾਰਨ) ਵਾਹਿਗੁਰੂ ਵਿਚ ਜੁੜਨ [illegible] ਭੋਗਾਂ ਵਿਚ ਲਗ ਗਿਆ ਅਤੇ ਦੁਖ ਆਦਿਕਾਂ ਨਾਲ [illegible] ਹੁੰਦੇ ਸਨ (ਵਾਹਿਗੁਰੂ ਦੇ ਮਿਲਾਉਣ ਵਾਲੇ) ਉਨ੍ਹਾਂ ਨੂੰ ਛਡਕੇ [illegible] ਆਦਿਕਾਂ ਵਿਚ ਲਗ ਗਿਆ ਹਾਂ ਅਤੇ ਧਰਮ ਨੂੰ ਛਡਕੇ ਅਧਰਮ ਵਾਲੇ [illegible] ਕਮਾਏ ਹਨ ॥

***ਹਾਰ ਪਰਿਓ ਸਰਨਾਗਤਿ ਆਇ**

ਗੁਰੂ ਮੁਖ ਦੇਖ ਗਰੂ ਸੁਖ ਪਾਇਓ ॥੪੨੪॥

(ਗਰੂ) ਗਰੂਆ (ਭਾਰਾ)।

(ਉਪ੍ਰੋਕਤ ਕੁਕਰਮਾਂ ਤੇ ਦੁਖ ਤੋਂ) ਹਾਰਕੇ ਆਪ ਦੇ ਚਰਨਾਂ ਦੀ ਸਰਨ [illegible] ਪਿਆ ਹਾਂ ਅਤੇ ਆਪਦਾ ਮੁਖ ਵੇਖਕੇ ਮੈਂ ਬਹੁਤ ਸੁਖ ਪਾਇਆ ਹੈ ॥ ੪੨੪ ॥

ਗੁਰੂ ਜੀ ਦੇ ਸਿਖ ਗੁਰਾਂ ਦੇ ਦਰਸ਼ਨ ਕਰਨ ਤੋਂ ਤ੍ਰਿਪਤ ਨਹੀਂ ਹੁੰਦੇ।

ਕਬਿਤ-ਚਾਹਿ ਚਾਹਿ ਇੰਦੂ ਮੁਖਚਾਂਦਿਨੀ ਚਕੋਰ ਜੈਸ

ਅੰਮ੍ਰਿਤ ਕਿਰਨ ਅਚਵਤ ਨ ਅਘਾਨੇ ਹੈ ॥

ਚਕੋਰ ਮੂੰਹ ਚੁਕਕੇ ਨੇਤ੍ਰਾਂ ਨਾਲ ਅਨੰਦ ਕਰਕੇ ਚੰਦ੍ਰਮਾਂ ਨੂੰ [illegible] ਜੀਊ ਦਾ ਹੈ ਅਤੇ ਚੰਦ੍ਰਮਾਂ ਦੀਆਂ ਕਿਰਨਾਂ ਦੁਆਰਾ ਜੋ ਅੰਮ੍ਰਿਤ ਝਿਰਦਾ ਹੈ ਉਸਨੂੰ ਪੀਂਦਾ ਹੋਯਾ ਰਜਦਾ ਨਹੀਂ।

ਸੁਨ ਸੁਨ ਅਨਹਦ ਸਬਦ ਸ੍ਰਵਨ ਮ੍ਰਿਗ

---

*ਜਦ [illegible] ਦੇ ਭੁਲੇ ਹੋਏ [illegible] ਆਪ ਅਗੇ [illegible] ਪਹਿਲਾ ਸੀ ਕਿ ਆਪ ਤਾਂ ਬਡੇ [illegible] ਸੀ ਤਾਂ ਭਾਈ ਜੀ ਨਿਮ੍ਰਤਾ [illegible] ਕਰਦੇ [illegible] ਜੀ ॥

ਅਨੰਦੁ ਉਦੋਤੁ ਕਰਿ ਕਾਂਤਿ ਨ ਸਮਾਨੇ ਹੈ ॥

ਅਜੇ ਰੋਗ ਦੀ ਅਵਸਥਾ ਨੂੰ ਇਲਤਕ (ਸ਼ਕਲ) ਕੋਨਾ ਨਾਲ (ਮਿਲੀ) ਧਰਕ ਲੋਣਕੇ ਆਨੰਦ ਨੂੰ (ਉਦੋਤ) ਪਰਗਟ ਕਰਦਾ ਹੈ ਅਤੇ ਸ਼ੋਭੀ ਵਿਚ ਨਹੀਂ ਸਮਾਂਦਾ ਕਿਥਾ ਬਸ ਨਹੀਂ ਕਰਦਾ ॥

ਭੋਜਨ ਰਸਾਲ ਜਸੁ ਅੰਪਤ ਬਾਸੁਰ ਨਿਸ
ਚਾਤ੍ਰਿਕ ਜੁਗਤਿ ਪਿਆਸਾ ਨ ਤ੍ਰਿਪਤਾਨੇ ਹੈ ॥

ਜਿਵੇਂ ਪਪੀਹਾ ਪੀ ਪੀ ਕਰਦਾ ਰਹਿੰਦਾ ਹੈ ਜਿਵੇਂ ਹੀ ਗੁਰੂ ਕੇ ਸਿਖ ਰਸੀਏ ਗੁਰੂ ਜੀ ਦੇ ਸੁੰਦਰ ਜਸ ਨੂੰ ਰਾਤ ਦਿਨ (ਜਪਦੇ) ਉਚਾਰਦੇ ਰਹਿੰਦੇ ਹਨ ਅਤੇ ਪਪੀਹੇ ਦੀ ਜੁਗਤੀ ਵਾਂਗਰ ਜੀਭ ਗੁਰ ਸਿਖਾਂ ਦੀ ਗੁਰਾਂ ਦਾ ਜਸ ਉਚਾਰ ਪਿਆਸੀ ਹੀ ਲਗਦੀ ਰਹਿੰਦੀ ॥

ਦੇਖਤ ਸੁਨਤ ਅਰ ਗਾਵਤ ਪਾਵਤ ਸੁਖ
ਪ੍ਰੇਮ ਰਸ ਬਸ ਮਨ ਮਗਨ ਹਿਰਾਨੇ ਹੈ ॥੪੪੩॥

ਗੁਰਾਂ ਦੇ ਦਰਸ਼ਨ ਨੂੰ ਵੇਖਦੇ ਹਨ ਅਤੇ ਉਪਦੇਸ਼ ਸੁਣਦੇ ਹਨ, ਬਾਣੀ ਗਾਉਂਦੇ ਹਨ ਸੁਖ ਪਾਉਂਦੇ ਹਨ ਅਤੇ (ਵਾਹਿਗੁਰੂ) ਗੁਰੂ ਜੀ ਦੇ ਪ੍ਰੇਮ ਰਸ ਵਿਚ ਮਨ ਨੂੰ ਲਗਾ ਕੇ ਮਸਤ ਹੈਰਾਨ ਹੋਏ ਰਹਿੰਦੇ ਹਨ ॥ ੪੪੩ ॥ ਪੁਨਾ

ਸਲਿਲ ਨਿਵਾਸ ਜੈਸੇ ਮੀਨ ਕੀ ਨ ਘਟੈ ਰੁਚ
ਦੀਪਕ ਪ੍ਰਗਾਸ ਘਟੈ ਪ੍ਰੀਤ ਨ ਪਤੰਗ ਕੀ ॥

ਜਿਵੇਂ ਪਾਣੀ ਵਿਚ ਰਹਿਣ ਨਾਲ ਮੱਛੀ ਦੀ ਰੁਚੀ (ਘਟਦੀ) ਪਿਆਰ ਮੰਨਦੀ ਨਹੀਂ ਅਤੇ ਦੀਵੇ ਦਾ ਚਾਨਣ ਵੇਖਕੇ ਪਤੰਗੇ ਦੀ ਪ੍ਰੀਤ ਘਟਦੀ ਨਹੀਂ।

(੧) ਜਲ ਵਿਚਹੁ ਵਾਹਰ ਕਢੀਐ ਮਛ ਨੇਹੁ ਨ ਘਟੇ,
(੨) ਦੀਪਕ ਜਲੇ ਪਤੰਗ ਵੰਸ ਫਿਰ ਵੇਖ ਨ ਹਟੇ ॥
(ਵਾਰ ੧੭ ਪੌੜੀ ੨੪ ਪੰਗਤੀ ੨ ਤੇ ੪)
(੩) ਹੁਕੀ ਵਾਕੇ ਮਛ ਜਿਉ ਹਸ ਜਾਇ ਵਿਗਾੜੀ,
(੪) ਜਲੇ ਪਤੰਗਾ ਨਿਸੰਗ ਹੋਇ ਕਰਿ ਅੱਖ ਉਘਾੜੀ ॥
[ਵਾਰ ੨੭ ਪੌੜੀ ੨ ਪੰਗਤੀ ੪ ਤੇ ੫]

ਕੁਸਮ ਸੁਬਾਸ ਜੈਸੇ ਤ੍ਰਿਪਤ ਨ ਮਧੁਪ ਕੌ
ਉਡਤ ਅਕਾਸ ਆਸ ਘਟੈ ਨ ਬਿਹੰਗ ਕੀ ॥

ਜਿਵੇਂ ਭੌਰਾ ਕਮਲ ਦੀ ਵਾਸਨਾ ਤੋਂ ਰਜਦਾ ਨਹੀਂ ਅਤੇ ਜਿਵੇਂ ਜਲ ਵਿਚ ਮੱਛੀ ਉਡਣੇ ਦੀ ਇੱਛਾ ਨਹੀਂ ਘਟਦੀ ॥

ਭਵਰੈ ਵਾਸੁ ਵਿਣਾਸਣੀ ਫਸ ਕਵਲ ਸਪੱਟੈ ॥ [ਵਾਰ ੨੭ ਪੌੜੀ ੧੩]

ਭਵਰੈ ਵਾਸੁ ਵਿਣਾਸੁ ਹੈ ਫਿਰਦਾ ਫੁਲਵਾੜੀ ॥ [ਵਾਰ ੨੭ ਪੌੜੀ ੧]

ਘਟਾ ਘਨ ਘੋਰ ਮੋਰ ਚਾਤ੍ਰਿਕ ਉਲਾਸ ਹਿਤੈ
ਨਾਦ ਬਾਦ ਸੁਨ ਰੁਚਿ ਘਟੈ ਨ ਕੁਰੰਗ ਕੀ ॥

ਜਿਵੇਂ ਘਟਾ ਅਤੇ ਬਦਲਾਂ ਦਾ (ਘੋਰ) ਗਰਜਣਾ ਸੁਣਕੇ ਮੋਰ ਅਤੇ ਪਪੀਹੇ ਹਿਰਦੇ ਵਿਚ ਅਨੰਦ ਕਰਦੇ ਹਨ ਅਤੇ ਘੰਡੇ ਹੇੜੇ ਦਾ ਅਵਾਜ਼ ਸੁਣਕੇ ਹਰਨ ਦੀ ਪ੍ਰੀਤੀ ਜਿਵੇਂ ਨਹੀਂ ਘਟਦੀ ॥

ਘੰਡੇ ਹੇੜੇ ਮਿਰਗ ਜਿਉ ਸੁਣ ਨਾਦ ਪਲੱਟੈ । [ਵਾਰ ੨੭ ਪੌੜੀ ੧੩]

ਮਿਰਗ ਨਾਦ ਬਿਸਮਾਦ ਹੋਇ ਫਿਰਦਾ ਉਜਾੜੀ ॥ [ਵਾਰ ੨੭ ਪੌੜੀ ੨]

ਮੋਰ ਬਬੀਹੇ ਬੋਲਦੇ ਵੇਖ ਬਦਲ ਕਾਲੇ ॥ [ਵਾਰ ੨੭ ਪੌੜੀ ੪]

ਤੈਸੇ ਪ੍ਰਿਅ ਪ੍ਰੇਮ ਰਸ ਰਸਿਕ ਰਸਾਲ ਸੰਤ
ਤ੍ਰਿਸਨਾ ਘਟਤ ਨ ਪ੍ਰਬਲ ਅੰਗ ਅੰਗ ਕੀ ॥੪੨੪

ਤਿਵੇਂ ਹੀ ਰਸੀਏ (ਨਾਮ ਜਪਣ ਵਾਲੇ) ਰਸਾਲ (ਸੁੰਦਰ) ਸੰਤ (ਪ੍ਰਿਅ) ਪਿਆਰੇ ਗੁਰੂ ਪਰਮਾਤਮਾ ਦੇ ਪ੍ਰੇਮ ਰਸ ਵਿਚ ਪ੍ਰਵੇਸ਼ ਕਰਦੇ ਹਨ ਅਤੇ ਸਭ ਦੇ ਸਰੀਰ ਦੇ ਅੰਗਾਂ ਅੰਗਾਂ ਦੀ (ਗੁਰ ਪਰਮਾਤਮਾ ਦੇ ਪ੍ਰੇਮ ਵਾਲੀ) ਤ੍ਰਿਸ਼ਨਾ ਨਹੀਂ ਘਟਦੀ ਕਿਉਂਕਿ ਇਛਾ ਲਗਾਤਾਰ ਰਹਿੰਦੀ ਹੈ ॥ ੪੨੪ ॥

ਨੋਟ—ਵਾਰ ੨੭ ਹਰ ਇਕ ਪੌੜੀ ਦੀ ਅੰਤ ਦੀ ਪੰਗਤੀ ਵੇਖੋ ॥

ਗੁਰ ਸਿਖਾਂ ਪਾਸੋਂ ਜੇ ਕੋਈ ਔਗਣ ਭੀ ਹੋ ਜਾਵੇ ਤਾਂ ਗੁਰੂ ਜੀ ਉਨ੍ਹਾਂ ਦੇ ਦੁਖ ਦੇਣ ਤੋਂ ਇਵੇਂ ਸੰਕਦੇ ਹਨ ॥

ਸਲਿਲ ਸੁਭਾਉ ਦੇਖ ਬੋਰਤ ਨ ਕਾਸਟ ਕੋ
ਜਾਨ ਗਹੈ ਕਹੈ ਆਪਨੋ ਹੀ ਪ੍ਰਤਿਪਾਰਯੋ ਹੈ ॥

(ਸਲਿਲ) ਪਾਣੀ। ਵੇਖੋ ਪਾਣੀ ਦਾ ਕਿਤਨਾ ਚੰਗਾ ਸੁਭਾਉ ਹੈ ਜੋ ਲਕੜ ਨੂੰ ਡੋਬਦਾ ਨਹੀਂ ਤੇ ਡੋਬਣ ਲਗਾਂ ਸ਼ਰਮ ਪਕੜਦਾ ਹੈ ਅਤੇ ਆਖਦਾ ਹੈ ਕਿ ਇਹ ਤਾਂ ਮੇਰਾ ਹੀ ਪਾਲਿਆ ਹੋਇਆ ਹੈ ॥

ਸੁਹਿਰਦ ਕਾਸਟ ਹਿਰਦੰਤਰ ਬੈਸੰਤਰ ਕੋ
ਅੰਤਰ ਬੈਸੰਤਰ ਲੈ ਕਾਸਟ ਪ੍ਰਜਾਰਯੋ ਹੈ ॥

(ਜੁਲਕਰਣ) [illegible] (ਉਲਿੰਘਣ) ਕਿਰ [illegible] ਤਲਾਬ ਕਿਤੇ ਫਿਰ [illegible] ਨੂੰ ਤਕਦਾ ਹੈ ਅਤੇ ਆਪਣੀ [illegible] ਨੂੰ ਤੇਰੇ ਰਹੀ ਤਰਾ [illegible] ਦਿੰਦਾ ਹੈ ॥

ਉਪ੍ਰੋਕਤਿ ਬ੍ਰਿਛ ਦੀ ਪਾਣੀ ਕ੍ਰਕਕੇ ਪਲਿਆ ਹੋਯਾ ਸਾਤੇ ਅਗਨੀ ਪਾਣੀ (ਸਮੁੰਦ੍ਰ) ਵਿਚੋਂ ਨਿਕਲੀ ਹੈ ਇਸ ਲਈ ਦੋਨੋ [illegible] ਹੋਣ ਪਰ ਕਦਾ [illegible] ਪ੍ਰੇਮ ਕਰਦਾ ਹੈ ਅਤੇ ਭੇਣ ਨਹੀਂ।

ਅਗਰ ਕੈ ਜਲਤ ਬੈਰ ਭਾਵੈ ਜਾਵੈ ਮੋਲ ਤਾਂ ਕੋ
ਪਾਵਕ ਦਗਧ ਕੈ ਅਧਿਕ ਅਵਟਾਵਈ ਹੈ ॥

ਚੰਦਨ ਦੇ ਬੂਟੇ ਨੂੰ ਪਾਣੀ (ਇਸ ਦ੍ਵਾਰੇ) [illegible] ਜੇ ਬਿਰਛ ਦਾ ਮੁਲ ਵਧੀਕ ਹੋ ਜਾਵੇ ਅਤੇ (ਓਹਨਾਂ) ਅਗ [illegible] ਕੇ [illegible] ॥

ਤਊ ਤਾਂਕੈ ਰੁਧਿਰ ਕੈ ਹੋਆ ਹ੍ਵੈ ਸਲਿਲ ਮਿਲਿ
ਅਗਨਿ ਕੈ ਗੁਨ ਮਾਨੈ ਬਿਰਦੁ ਬੀਚਾਰਈ ਹੈ ॥ ੫੨੫॥

(ਰੁਧਿਰ) ਲਹੂ (ਸਲਿਲ) ਪਾਣੀ। ਉਪ੍ਰੋਕਤਿ ਅਗਨੀ ਓਹਨਾਂ ਬਾਲਨ ਨਾਲ ਲਹੂ (ਪਾਣੀ) ਤ੍ਰਿਸ ਚੰਦਨ ਦਾ ਜਲ ਨਾਲ ਮਿਲਕੇ ਹੋਯਾ ਹੈ ਅਤੇ ਓਹ (ਹੋਆ) ਅੰਬਰ ਬਣ ਜਾਂਦਾ ਹੈ ਜਿੱਤ੍ਰ ਪਾਣੀ ਚੰਦਨ ਅਗਨੀ ਨਾਲ ਮਿਲਕੇ ਗੁਣ ਮੰਨਦੇ ਹਨ ਇਵੇਂ ਹੀ ਗੁਰੂ ਜੀ ਆਪਣਾ (ਬਿਰਦ) [illegible] ਵਿਚਾਰਦੇ ਹਨ ਕਿ ਸਿਖਾਂ ਨੂੰ ਕਿਸੇ ਤਰਾਂ ਦਾ ਦੁਖ ਨਹੀਂ ਦਿੰਦੇ ॥ ੫੨੫ ॥

ਪੁਨਾ ਸਤਗੁਰਾਂ ਦਾ ਸੁਭਾਵ ਇਕੁਰ ਦਾ ਹੈ॥

ਸਲਿਲ ਸੁਭਾਵ ਜੈਸੇ ਨਵਨ ਗਵਨ ਗੁਨ
ਸੀਚੀਅਤਿ ਉਪਬਨ ਬਿਰਖਾ ਲਗਾਇਕੈ ॥

(ਸਲਿਲ) ਪਾਣੀ (ਗਵਨ) ਚਲਣਾ, (ਉਪਬਨ) ਬਗ (ਜਿਗਾਨ)। ਜਿਕਰ ਪਾਣੀ ਦਾ ਸੁਭਾਉ ਨੀਵਿਆਂ ਨੂੰ ਚਲਣਾ ਅਤੇ ਜਿਸ ਬਾਗ ਦੇ ਬੂਟਿਆਂ ਨੂੰ ਸਿੰਜਾਇ (ਗੁਨ) ਫਲ (ਕਰਦਾ) ਲਗੌਂਦਾ ਹੈ। (ਵਾਰ [illegible] ਦੇਖੋ) (ਵਾਰ ੧੬ ਪੌੜੀ ੪ ਵੇਖੋ)

---

* ਸਿਆਣੇ ਲੋਗ ਆਖਦੇ ਹਨ ਕਿ [illegible]
[illegible]
[illegible]

ਜਲ ਮਿਲਿ ਬਿਰਖ ਹ੍ਵੈ ਕਰਤ ਊਰਧ ਤਪ
ਸਾਖਾ ਨਵੇ ਸਫਲ ਹ੍ਵੈ ਝੁਕਿ ਰਹੇ ਆਇਕੈ ॥

(ਉਰਧ) ਮੂਧਾ। ਫਿਰ ਪਾਣੀ ਨਾਲ ਮਿਲਕੇ ਬਿਛ ਮੂਧਾ ਹੋਕੇ ਤਪ ਕਰਦਾ ਹੈ ਅਤੇ ਨਵੀਆਂ ਨਵੀਆਂ ਟਾਹਣੀਆਂ ਅਤੇ ਸਫਲ ਫਲਾਂ ਦੇ ਹੋਕੇ ਧਰਤੀ ਤੇ ਆਕੇ ਝੁਕਿਆ ਰਹਿੰਦਾ ਹੈ।

ਪਾਹਨ ਹਨਤ ਫਲਦਾਈ ਕਾਟੇ ਹੋਇ ਨੌਕਾ
ਲੋਸਟ ਕੈ ਛੇਦੈ ਭੇਦੈ ਬੰਧਨ ਬੰਧਾਇਕੈ ॥

(ਪਾਹਨ) ਪਥਰ। ਵਟੇ ਮਾਰਨ ਨਾਲ ਫਲ ਦੇਂਦਾ ਹੈ, ਅਤੇ ਕਟਿਆਂ ਹੋਇਆਂ ਬੇੜੀ ਹੁੰਦੀ ਹੈ ਆਰੇ ਨਾਲ ਛੇਕ ਪਵਾਕੇ ਅਤੇ ਆਪਣੇ ਆਪਨੂੰ ਵਿੰਨ੍ਹਾ ਕੇ ਰਸਿਆਂ ਦੇ ਬੰਧਨ ਬਨੌਂਦਾ ਹੈ॥ ਭਾਵ—ਬੇੜੀ ਜਹਾਜ ਬਣਦਾ ਹੈ॥ ਵੇਖੋ ਵਾਰ ੧੪ ਪੌੜੀ ੨੦-੯ ਵੀਂ ਸਾਰੀ॥

ਪ੍ਰਬਲ ਪ੍ਰਵਾਹ ਸੁਤ ਸਤ੍ਰ ਗਹਿ ਪਾਰ ਪਰੈ
ਸਤਿਗੁਰ ਸਿਖ ਦੋਖੀ ਤਾਰੈ ਸਮਝਾਇਕੈ ॥੪੨੯॥

ਵਡੇ ਰੋੜ੍ਹ ਪਾਣੀ ਦੇ ਵਹਣ ਤੋਂ (ਸੁਤ) ਪੁਤ੍ਰ (ਬੇੜੀ) ਨੂੰ (ਗਹਿ) ਫੜਕੇ (ਸਤ੍ਰ) ਵੈਰੀ ਆਰਾ ਲਗਾ ਮਾਰਨਾ ਦਾ ਲੋਹਾ) ਪਾਰ (ਪਰੈ) ਪੈ ਜਾਂਦਾ ਹੈ। ਇਸੇ ਤਰ੍ਹਾਂ ਹੀ ਗੁਰੂ ਜੀ ਸਿਖਾਂ ਦੇ ਦੋਖੀਆਂ ਨੂੰ ਸਮਝਾਕੇ ਤਾਰ ਦਿੰਦੇ ਹਨ॥ ੪੨੯॥

ਹੁਣ ਉਪ੍ਰੋਕਤ ਸਿਖਾਂ ਦੇ ਉਚੀ ਇੱਕੁਰ ਦੇ ਹੋਣਾਂਦੇ ਹਨ॥

ਗੁਰ ਉਪਦੇਸ਼ ਪਰਵੇਸ਼ ਕਰ ਭੈ ਭਵਨ
ਭਾਵਨੀ ਭਗਤਿ ਭਾਇ ਚਾਇਕੈ ਚਈਲੇ ਹੈਂ ॥

(ਭਵਨ) ਘਰ। ਘਰ ਵਿਚ ਹੀ ਰਹਿਕੇ ਗੁਰਾਂ ਦੇ ਉਪਦੇਸ਼ ਦੇ ਰਾਹ ਵਿਚ ਪ੍ਰਵੇਸ਼ ਕਰਕੇ ਸਰਧਾ, ਪ੍ਰੇਮਾ ਭਗਤੀ ਅਤੇ ਅਨੰਦ ਕਰਕੇ ਅਨੰਦੀ ਹੋਏ ਹਨ॥

ਸੰਗਮ ਸੰਜੋਗ ਭੋਗ ਸਹਜ ਸਮਾਧਿ ਸਾਧ
ਪ੍ਰੇਮ ਰਸ ਅੰਮ੍ਰਿਤ ਕੈ ਰਸਕ ਰਸੀਲੇ ਹੈਂ॥

ਪਰਮਾਤਮਾ ਦੇ ਮਿਲਾਪ ਦੇ ਸਾਧਾ ਅਤੇ ਅਡੋਲ ਸਮਾਧੀ ਨੂੰ ਸਾਧਨ ਵਾਲੇ ਅਤੇ ਵਾਹਿਗੁਰੂ ਦੇ ਪ੍ਰੇਮ ਰਸ ਅੰਮ੍ਰਿਤ ਦੇ ਲੈਣ ਵਾਲੇ ਮਿਠੇ ਸੁਆਦ ਰਸਾਂ ਦੇ ਹੋਏ ਹਨ।

ਬ੍ਰਹਮ ਬਿਬੇਕ ਟੇਕ ਏਕ ਹੀ ਅਨੇਕ ਮਿਲ
ਬਿਮਲ ਬੈਰਾਗ ਛਬਿ ਛਬਿ ਕੈ ਛਬੀਲੇ ਹੈਂ ॥

ਇਕ ਵਾਹਿਗੁਰੂ ਜੋ ਸਾਰਿਆਂ ਵਿਚ ਮਿਲਿਆ ਹੋਇਆ ਹੈ ਉਸ ਦੇ ਹੋਣ (ਵਿਚਾਰ) ਦੀ ਟੇਕ ਵਿਚ ਜਿਨ੍ਹਾਂ ਦੀ ਬ੍ਰਿਤੀ ਲਗੀ ਹੋਈ ਹੈ ਅਤੇ ਨਿਰਮਲ ਵੈਰਾਗ ਦੀ (ਛਬਿ) ਉਪਮਾ ਨਾਲ ਅਤਿ ਸ਼ੋਭਾਵਾਨ ਕਰਕੇ ਛਬ ਵਾਲੇ ਹੋਏ ਹੋਏ ਹਨ ॥

ਪਰਮਦ ਭੁਤ ਗਤਿ ਅਤਿ ਅਸਚਰਜ ਮੈ
ਬਿਸਮ ਬਿਦੇਹ ਉਨਮਨ ਉਨਮੀਲੇ ਹੈਂ ॥੪੨੭॥

ਅਸਚਰਜ ਗਤੀ ਵਾਲੇ ਅਸਚਰਜ ਦੇਹ ਤੋਂ ਰਹਿਤ ਜੋ ਉਨਮਨ ਹੋਕੇ ਅਸਚਰਜ ਵਾਹਿਗੁਰੂ ਦੇ ਤੁਰੀਆ ਪਦ ਵਿਚ ਮਿਲੇ ਹੋਏ ਹਨ ॥ ੪੨੭ ॥

ਨਾਮ ਤੋਂ ਬਿਨਾ ਹੋਰ ਕਰਮ ਠੀਕ ਨਹੀਂ

ਜੌ ਲੌ ਕਰ ਕਾਮਨਾ ਕਾਮਾਰਥੀ ਕਰਮ ਕੀਨੇ
ਪੂਰਨ ਮਨੋਰਥ ਭਏ ਨ ਕਾਹੂ ਕਾਮ ਕੇ ॥

ਜਿੰਨਾ ਚਿਰ ਇੱਛਾ ਕਰਕੇ ਕਾਮਨਾ ਦੇ ਪ੍ਰਯੋਜਨਾ ਵਾਲੇ ਕੰਮ ਕੀਤੇ ਜਾਂਦੇ ਰਹੇ ਉਨ੍ਹਾਂ ਚਿਰ ਕਿਸੇ ਕੰਮ ਦਾ ਕੋਈ ਮਤਲਬ ਨਾ ਪੂਰਾ ਹੋਇਆ ਭਾਵ ਜਿੰਨਾਂ ਚਿਰ ਸਕਾਮ ਕਰਮ ਕੀਤੇ ਅਤੇ ਉਨ੍ਹਾਂ ਦਾ ਫਲ ਚਾਹਿਆ ਓਨਾਂ ਚਿਰ ਕੁਝ ਵੀ ਨਾ ਮਿਲਿਆ ॥

ਜੌ ਲੌ ਕਰ ਆਸਾ ਆਸਵੰਤ ਹ੍ਵੈ ਆਸਰੋ ਗਹਤੋ
ਭ੍ਰਮਤੋ ਫਿਰਤੋ ਠੌਰ ਠੌਰ ਪਾਯੋ ਨ ਬਿਸ੍ਰਾਮ ਕੋ ॥

ਜਿੰਨਾ ਚਿਰ ਆਸਾ ਕਰਕੇ ਆਸਾ ਵਾਲਾ ਹੋਕੇ ਹੋਰਨਾਂ ਲੋਕਾਂ ਦੀ ਆਸਰਾ (ਗਹਤੋ) ਫੜਦਾ ਫਿਰਿਆ ਓਨਾ ਚਿਰ ਥਾਂ ਥਾਂ (ਘਾਟੀ ਘਾਟੀ) ਭਟਕਦਾ ਫਿਰਿਆ ਅਤੇ ਕਿਤੇ ਵੀ (ਬਿਸ੍ਰਾਮ ਨੂੰ) ਟਿਕਾਣਾ ਨਾ ਪਾਇਆ।

ਜੌ ਲੌ ਕਰ ਮਮਤਾ ਮਮਤ ਮੂੰਡ ਬੋਝ ਲੈ ਕੈ
ਦੀਨੋ ਡੰਡ ਖੰਡ ਖੰਡ ਖੇਦ ਨਾਮ ਠਾਮ ਕੇ ॥

ਜਦੋਂ ਤੀਕ ਮਮਤਾ ਧਰਕੇ ਮਮਤਾ ਵਾਲੇ ਭਾਰ ਨੂੰ ਸਿਰ ਤੇ ਚੁਕਦਾ ਰਿਹਾ ਓਨਾ ਚਿਰ ਨਾਮ ਨੇ ਥਾਂ ਥਾਂ ਧਕੇ ਨੂੰ ਦੁਕਾਨੇ ਦੁਕਾਨੇ ਕਰਕੇ ਡੰਡੇ ਖਾਧੇ (ਖੰਡ ਖੰਡ) ਭਾਵ ਬਹੁਤ ਦੁਖਾਂ ਵਿਚ ਰੁਲਦਾ ਰਿਹਾ ॥

ਗੁਰ ਉਪਦੇਸ ਨਿਹਕਾਮ ਔ ਨਿਰਾਸ ਭਏ

ਨਿੰਮ੍ਰਤਾ ਸਹਜ ਸੁਖ ਨਿਜ ਪਦ ਠਾਮ ਹੈ ॥੪੨੮॥

(ਉਪ੍ਰੋਕਤਿ ਕੰਮਾ ਨੂੰ ਗੁਰ ਸਿਖ ਛਾਡਕੇ) ਇਸ ਲਈ ਗੁਰ ਉਪਦੇਸ਼ ਨੂੰ ਲੈਕੇ ਨਿਸ਼ਕਾਮ ਹੋਇ ਹਨ ਅਤੇ ਆਸਾ ਰੂਪ ਸੰਸਾਰ ਤੋਂ ਨਿਰਾਸ ਰਹਿੰਦੇ ਹਨ ਅਤੇ ਨਿਮ੍ਰਤਾ ਕਰਕੇ (ਸਹਜ) ਅਡੋਲ ਸੁਖ (ਨਿਜ) ਆਪਣੇ ਨਾਮ ਦੇ (ਪਦ) ਮੁਰਾਤਬੇ ਨੂੰ ਪਹੁੰਚਦੇ ਹਨ ਭਾਵ ਵਾਹਿਗੁਰੂ ਦੇ ਨਾਮ ਦੀ ਉਟ ਲੈਂਦੇ ਹਨ ॥ ੪੨੮ ॥

ਗੁਰ ਸਿਖ ਭਿੱਉਰ ਦੇ ਪ੍ਰੇਮੀ ਬਣਦੇ ਹਨ

ਸਤਗੁਰ ਚਰਨ ਕਮਲ ਮਕਰੰਦ ਰਜ

ਲੁਭਤ ਹੈ ਮਨ ਮਧੁਕਰ ਲਪਟਾਨੇ ਹੈਂ ॥

ਜਿਉਂ ਭੌਰੇ ਸੁਕਿਆ ਹੋਇਆਂ ਫੁਲਾਂ ਦੀ ਧੂੜੀ ਦੀ ਵਾਸ਼ਨਾ ਤੇ ਲੋਭਦੇ ਹਨ ਇਵੇਂ ਹੀ ਗੁਰੂ ਕੇ ਸਿਖ ਗੁਰਾਂ ਦੇ ਚਰਨਾਂ ਦੀ ਧੂੜੀ ਦੀ ਸ਼ਰਧਾ ਤੇ ਲਪਟਦੇ ਹਨ।

ਅੰਮ੍ਰਿਤ ਨਿਧਾਨ ਪਾਨ ਅਹਿਨਿਸ ਰਸਕ ਹੈ

ਅਤਿ ਉਨਮਤਿ ਆਨ ਗਜਾਨ ਬਿਸਰਾਨੇ ਹੈਂ ॥

(ਭੌਰੇ ਵਾਕੁਰ) (ਗੁਰ ਸਿਖ) ਅੰਮ੍ਰਿਤ ਖਜਾਨੇ (ਵਾਹਿਗੁਰੂ ਦੇ ਨਾਮ) ਦੇ ਪੀਣ ਵਿਚ ਦਿਨੇ ਰਾਤ ਰਸੀਏ ਹੋਇ ਰਹਿੰਦੇ ਹਨ ਅਤੇ ਬਾਹਲੇ ਹੀ ਮਸਤ ਰਹਿੰਦੇ ਹਨ ਹੋਰ ਗਜਾਨ (ਬਾਹਰ ਦੇ) ਭੁਲਾ ਦੇਂਦੇ ਹਨ ॥

ਸਹਜ ਸਨੇਹ ਗੇਹ ਬਿਸਮ ਬਿਦੇਹ ਰੂਪ

ਸ੍ਵਾਂਤਿ ਬੂੰਦ ਸੀਪ ਗਤਿ ਸੰਪਟ ਸਮਾਨੇ ਹੈਂ ।

(ਸਮਾਨੇ) ਸਮਾਉਂਦੇ। ਅਸਚਰਜ ਰੂਪ ਗੁਰਾਂ ਦੇ ਪ੍ਰੇਮ ਨੂੰ ਸਰੀਰ ਵਿਸਮ ਵਾਲਾ ਕਰਕੇ ਹਿਰਦੇ ਰੂਪ ਘਰ ਵਿਚ ਇਕ੍ਰਰ ਰਖਿਆ ਜਿਵੇਂ ਸ੍ਵਾਂਤਿ ਬੂੰਦ ਸਿਪ ਰੂਪ ਡੱਬੇ ਵਿਚ ਸਮਾ ਜਾਂਦੀ ਹੈ ॥

ਚਰਨ ਸ਼ਰਨ ਸੁਖ ਸਾਗਰ ਕਟਾਛ ਕਰ

ਮੁਕਤਾ ਮਹਾਂਤ ਹੈ ਅਨੂਪ ਰੂਪ ਠਾਨੇ ਹੈਂ ॥੪੨੯॥

(ਸਾਗਰ) ਸਮੁੰਦ੍ਰ। ਜਿਵੇਂ ਉਹ ਵਿਚ ਬਦਲਾਂ ਦੀ ... ਸਮੁੰਦ੍ਰ ਵਿਚ ... ਦੇ ਮੂੰਹ ਵਿਚ ਪੈਕੇ ਮੋਤੀ ਹੋ ਜਾਂਦੀ ਹੈ। ਇਵੇਂ ਹੀ ਜਦ ਉਪ੍ਰੋਕਤਿ ਸਿਖ ਗੁਰਾਂ ਦੇ

ਸਮੁੰਦ੍ਰ ਰਤਨਾਂ ਸਹਿਤ ਮਿਲੇ ਤਾਂ ਗੁਰਾਂ ਨੇ ਕ੍ਰਿਪਾ ਕਰਕੇ ਛੀਰ ਸਮੁੰਦ ਵਿਚ ਸਿਖ ਰੂਪ ਹੋਕੇ ਵਰਤੇ ਮੋਤੀ ਸੁੰਦਰ ਦੇ ਰੂਪ ਦਾਸੂਰ ਰੂਪ ਬਣਾਕੇ ਵਡ ਹੋਗਏ ॥੪੨੯॥

ਗੁਰਸਿਖ ਗੁਰ ਸਬਦ ਦੁਆਰਾ ਇੰਦ੍ਰਿਆਂ ਵਾਹਿਗੁਰੂ ਨੂੰ ਵਸ ਕਰ ਲੈਂਦੇ ਹਨ ।

ਰੋਮ ਰੋਮ ਕੋਟਿ ਮੁਖ ਮੁਖ ਰਸਨਾ ਅਨੰਤ
ਅਨਿਕ ਮਨੰਤਰ ਲੌ ਕਹਤ ਨ ਆਵਈ ।

ਕਰੋੜਾਂ ਹੀ ਵਾਲ ਅਤੇ ਕਰੋੜਾਂ ਹੀ ਵਾਲਾਂ ਦੇ ਮੂੰਹ ਅਤੇ ਕਰੋੜਾਂ ਹੀ ਮੂੰਹਾਂ ਦੀਆਂ ਜੀਭਾਂ ਅਤੇ ਕਰੋੜਾਂ ਹੀ (ਅਨੰਤ) ਜੀਭਾਂ ਹੋਣ ਭਾਵੇਂ ਤੇ ਅਨੇਕਾਂ ਹੀ (ਮਨੰਤਰ) ਮਨਾਂ ਦੇ ਅੰਦਰ ਜਾਕੇ ਮਨ ਦਾ ਅੰਤ ਲੈਣ ਵਾਲੇ ਹੋਣ ਭਾਵੇਂ ਪਰ ਫਿਰ ਵੀ ਉਨ੍ਹਾਂ ਪਾਸੋਂ ਵਾਹਿਗੁਰੂ ਦਾ ਅੰਤ ਨਹੀਂ ਕਿਹਾ ਜਾਂਦਾ ॥

ਕੋਟ ਬ੍ਰਹਮੰਡ ਭਾਰ ਡਾਰ ਤੁਲਾਧਾਰ ਬਿਖੈ
ਤੋਲੀਐ ਜੌ ਬਾਰ ਬਾਰ ਤੋਲ ਨ ਸਮਾਵਈ॥

ਕਰੋੜਾਂ ਹੀ ਜਿਮੀਂ ਅਸਮਾਨ ਦੇ ਪੁਲਾੜਾਂ ਦੇ ਭਾਰ ਨੂੰ (ਤੁਲਾਧਾਰ) ਤਕੜੀ ਦੇ ਛਾਬੇ ਵਿਚ ਸੁਟ ਕੇ ਬਾਰ੨ ਜੇ ਤੋਲੀਏ ਤੇ ਤਾਂ ਵੀ ਓਹੁ ਭਾਰ ਨਹੀਂ ਜਾ ਸਕਦਾ ਭਾਵ ਜੇ ਉਸਦੇ ਭਗਤਾਂ ਦਾ ਅੰਤ ਨਹੀਂ ਆ ਸਕਦਾ ਤੇ ਫਿਰ ਉਸ ਦਾ ਅੰਤ ਕਿਕਰ ਆ ਸਕਦਾ ਹੈ ॥

ਚਤੁਰ ਪਦਾਰਥ ਔ ਸਾਗਰ ਸਮੂਹ ਸੁਖ
ਬਿਬਿਧ ਬੈਕੁੰਠ ਮੋਲ ਮਹਿਮਾ ਨ ਪਾਵਈ ।

ਚਾਰ ਪਦਾਰਥ ਅਤੇ (ਸਾਗਰ) ਸਮੁੰਦ੍ਰ ਦੇ ੧੪ ਰਤਨ ਅਤੇ ਨਾਨਾਂ ਤਰਾਂ ਦੇ ਬਹੁਤ ਸੁਖ ਬੈਕੁੰਠ ਦੇ ਵੀ ਵਾਹਿਗੁਰੂ ਦੇ ਨਾਮ ਦੀ ਮਹਿਮਾ ਦੇ ਮੁਲ ਨੂੰ ਨਹੀਂ ਪਾ ਸਕਦੇ ॥

ਸਮਝ ਨ ਪਰੈ ਕਰੈ ਕੌਨ ਕੌਨ ਤੌਨ ਮਨ
ਪੂਰਨ ਬ੍ਰਹਮ ਗੁਰ ਸਬਦ ਸੁਨਾਵਈ ॥੪੩੦॥

ਮਨ ਬਾਹਰਲਿਆਂ ਪਦਾਰਥਾਂ ਵਿਚ ਜਾਂਦਾ ਹੈ ਪਰ ਸਮਝ ਨਹੀਂ ਪੈਂਦੀ ਵਾਹਿਗੁਰੂ ਕੇਹੜੇ ਹਿਰਦੇ ਰੂਪ ਘਰ ਵਿਚ ਹੈ ਇੰਦ੍ਰਿਆਂ ਦੇ ਅਲਖ ਵਾਹਿਗੁਰੂ ਦੇ ਨਾਲ ਮੇਲ ਹੋਣ ੨ ਨੂੰ ਗੁਰਾਂ ਦਾ ਸ਼ਬਦ ਪ੍ਰਤੱਖ ਹੀ ਸੁਨਾ ਦਿੰਦਾ ਹੈ ਕਿ ਫਲਾਣੇ ਥਾਂ ਵਾਹਿਗੁਰੂ ਹੈ॥ ਭਾਵ—ਗੁਰ ਉਪਦੇਸ ਨਾਲ ਦ੍ਰਿਸ਼ਟੀ ਖੁਲ ਜਾਂਦੀ ਹੈ ॥

ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ਗੋਬਿੰਦ ਬਿਨੁ ਨਹੀ ਕੋਈ ॥

(ਆਸਾ ਨਾਮ ਦੇਉ ਜੀ ॥ ੪੮੫ ॥)

ਗੁਰ ਸਿਖ ਗੁਰਾਂ ਦਾ ਦਰਸ਼ਨ ਕਰਨ ਗਏ ਫਿਰ ਗੁਰਮੁਖ ਸਿਰੂਪ ਸਾਰੇ ਗੁਰਮੁਖ ਅੰਦਰ।

ਜੈਸੇ ਪਤੰਗ ਦੀਪ ਦਰਸ ਦੇਖਨ ਗਏ
ਜੋਤੀ ਜੋਤਿ ਮਿਲ ਪੁਨ ਉਲਟ ਨ ਆਏ ਹੈ।

(ਲਿਖਨ) ਜੈਸੇ। ਜਿਵੇਂ ਪਤੰਗੇ ਨੇਤ੍ਰਾਂ ਨਾਲ ਦੇਖਣ ਦੀਵੇ ਦਾ ਦਰਸ਼ਨ ਕਰਨ ਗਏ ਦੀਵੇ ਦੀ ਲਾਟ ਨਾਲ ਮਿਲ ਜਾਂਦੇ ਹਨ ਅਤੇ ਫਿਰ ਪਰਤਕੇ ਸਨੇਹਾ ਨਹੀਂ ਲਿਆਉਂਦੇ॥ (ਵਾਰ ੨੭ ਪੌੜੀ ੨ ਤੇ ੨੨ ਵੀਂ ਪੰ: ੨-੧)

ਨਾਦ ਬਾਦ ਸੁਨਬੇ ਕੋ ਸ੍ਰਵਨ ਹਰਨ ਗਏ
ਸੁਨ ਧੁਨਿ ਖਬਰ ਭਏ ਨ ਬਹੁਰਾਨੇ ਹੈ।

(ਜਿਵੇਂ) ਘੰਡੇਹੇੜੇ ਦੀ ਆਵਾਜ਼ ਨੂੰ ਕੰਨ ਧਰਨ ਦੇ ਸੁਣਨ ਗਏ ਤਾਂ (ਧੁਨਿ) ਆਵਾਜ਼ ਨੂੰ ਸੁਣਕੇ ਓਥੇ ਹੀ [illegible] ਗਏ ਤੇ ਫਿਰ ਨਾ ਆਏ, ਦੇਖੋ ਵਾਰ ੨੭ ਪੌੜੀ ੨-੨੨ ਪੰ: ੩-੪

ਚਰਨ ਕਮਲ ਮਕਰੰਦ ਰਸ ਰਸਕ ਹੈ
ਮਨ ਮਧੁਕਰ ਸੁਖ ਸੰਪਟ ਸਮਾਨੇ ਹੈਂ।

(ਮਧੁਕਰ) ਭੌਰਾ (ਸੰਪਟ) ਡੱਬਾ। ਜਿਵੇਂ ਭੌਰੇ ਡੱਬੇ ਵਰਗੇ ਫੁੱਲ ਵਿਚ ਬੰਦ ਹੋਇ ਮੁਕਤ ਹੁੰਦੇ ਜਾਂਦੇ ਇਵੇਂ ਹੀ ਗੁਰੂ ਦੇ ਚਰਨਾਂ ਦੀ ਧੂੜੀ ਭਗਤਾਂ ਦੇ (ਰਸ) ਅਨੰਦ (ਸੁਆਦ) ਵਿਚ (ਰਸਕ) ਰਸੀਆ ਵਾਹਿਗੁਰੂ [illegible] ਸਿਖਾਂ ਦਾ ਮਨ ਲਗਾ ਹੈ॥ ਦੇਖੋ ਵਾਰ ੨੭ ਪੌੜੀ ੨-੨੪ ਪੰਗਤੀ ੩-੪॥

*ਰੂਪ ਗੁਨ ਪ੍ਰੇਮ ਰਸ ਪੂਰਨ ਪਰਮ ਪਦ
ਆਨ ਗਿਆਨ ਧਿਆਨ ਰਸ ਭਰਮ ਭੁਲਾਨੇ ਹੈਂ॥ [illegible]

ਜਿਵੇਂ ਉਪ੍ਰੋਕਤਿ ਭੌਰੇ ਫੁੱਲਾਂ ਦੀ ਸੁਗੰਧੀ ਵਿਚ ਰੱਤੇ ਹੋਇਆਂ ਵਾਂਗ (ਆਨ) ਹੋਰ ਗਿਆਨੀ ਆਦਰ ਦੇ ਧਿਆਨ ਨੂੰ ਭੁਲਾ ਦਿੰਦੇ ਹਨ। ਜਿਵੇਂ ਹੀ (ਪਰਮ) ਵਾਹਿਗੁਰੂ ਰੂਪ ਅਤੇ ਹਰਨ ਵਾਂਗਰ ਗੁਨ ਸੁਣਕੇ ਅਤੇ ਪ੍ਰੇਮ ਕਰਕੇ ਚੰਗੇ ਵਾਹਿਗੁਰੂ (ਰਸ) ਫੁੱਲਾਂ ਦਾ ਸੁਆਦ ਲੈਣ) ਗੁਰ ਸਿਖ ਪੂਰਨ ਪੰਛੀ ਪਦਵੀ ਨੂੰ ਪਾਕੇ ਹੋਰ ਗਿਆਨਾਂ ਧਿਆਨਾਂ ਦੇਵੀ ਦੇਵਤਿਆਂ ਦੇ (ਰਸ) ਸੁਆਦਾਂ (ਭਰਮਾਂ) ਨੂੰ

---

*ਉਪ੍ਰੋਕਤਿ ਦੋਵੇਂ ਪੰਗਤੀਆਂ ਗੁਰ ਸਿਖ ਭੌਰਿਆਂ ਵਾਂਗ ਕਹੀਆਂ ਗਈਆਂ ਹਨ॥

ਪ੍ਰਥਮ ਰੂਪ ਸਾਰੂਪ ਕੇ ਲਖਾ ਦੇ ਦੇਂਦਨ (ਵ੍ਰਿਧੇ ਵੇਰਾ ੪੭ ਦੇਖੋ ੨-੨੯ ਕ੍ਰਿਤ ੧)

ਤ੍ਰਿਪ੍ਰਸਿਧ ਜਾਨਵਰਾਂ ਦੇ ਪ੍ਰਸੰਗ ਨੂੰ ਛਡਕੇ ਹੁਣ ਕੋਈ ਹੀ ਪਰਾ ਗੁਰ ਸਿਖ ਦਾ ਪ੍ਰੇਮ ਵਾਲਾ ਵਰਣਨ ਪ੍ਰਸੰਗ ਆਉਂਦੇ ਹਨ।

ਪ੍ਰਥਮ ਹੀ ਆਨ ਗ੍ਯਾਨ ਹਾਨਿਕੈ ਪਤੰਗ ਬਿਧਿ
ਪਾਛੈ ਕੈ ਅਨੂਪ ਰੂਪ ਦੀਪਕ ਦਿਖਾਏ ਹੈਂ।

ਜਿਵੇਂ ਪਤੰਗੇ ਪਹਿਲੇ (ਆਨ) ਹੋਰ ਗਿਆਨਾਂ ਦੀ ਰੀਤੀ ਨੂੰ (ਹਾਨਿ) ਨਾਸ ਕਰਦੇ ਹਨ ਤੇ ਤਦ ਪਿਛੋਂ ਅਨੂਪਮ ਰੂਪ ਦੀਵਾ ਦਿਖੋਂਦਾ ਹੈ ਇਵੇਂ ਜਦ ਸਿਖ ਹੋਰ ਗਿਆਨ ਦੂਰ ਕਰਦੇ ਹਨ ਤਾਂ ਗੁਰ ਦਰਸ਼ਨ ਦੇਂਦੇ ਦਿਬ ਦ੍ਰਿਸ਼ਟੀ ਦਿਖੋਂਦੇ ਹਨ।

ਪ੍ਰਥਮ ਹੀ ਆਨ ਗ੍ਯਾਨ ਸੁਰਤਿ ਬਿਸਰਜਨ ਕੈ
ਅਨਹਦ ਨਾਦ ਮ੍ਰਿਗ ਜੁਗਤਿ ਸੁਨਾਏ ਹੈਂ।

ਜਿਵੇਂ ਪਹਿਲੇ ਹਰਨ (ਆਨ) ਹੋਰਨਾਂ ਗਿਆਨਾਂ ਵਲੋਂ ਕੰਨਾਂ ਦੀ ਸੁਰਤੀ ਨੂੰ (ਬਿਸਰਜਨ) ਰੋਕਦਾ ਹੈ ਤੇ ਤਦ ਇਕਰਸ (ਨਾਦ) ਘੰਡੇ ਹੇੜੇ ਦਾ ਸ਼ਬਦ ਚੰਗੀ ਜੁਗਤੀ ਵਾਲਾ ਸੁਣਨੇ ਵਿਚ ਔਂਦਾ ਹੈ ਇਵੇਂ ਹੀ ਗੁਰ ਸਿਖ ਜਾਣਦੇ।

ਪ੍ਰਥਮ ਹੀ ਬਚਨ ਰਚਨ ਹਰਿ ਭ੍ਰਿੰਗ ਸਾਜ
ਪਾਛੈ ਕੈ ਅੰਮ੍ਰਿਤ ਰਸ ਅਪਿਉ ਪੀਆਏ ਹੈਂ।

(ਜਿਵੇਂ ਭੌਰਾ) ਪਹਿਲੇ ਬਾਹਲਾ ਬੋਲਣ ਤੋਂ ਚੁਪ ਕਰਦਾ ਹੈ ਤੇ ਤਦ ਪਿਛੋਂ ਅੰਮ੍ਰਿਤ ਦਾ ਸੁਆਦ ਅੰਮ੍ਰਿਤ ਵਾਕ੍ਰਤ ਪੀਣੇ ਵਿਚ ਔਂਦਾ ਹੈ। (ਇਵੇਂ ਹੀ ਗੁਰ ਸਿਖ)

ਪੇਖ ਸੁਨ ਅਚਵਤ ਹੀ ਭਏ ਬਿਸਮ ਅਤਿ
ਪਰਮਦਭੁਤ ਅਸਚਰਜ ਸਮਾਏ ਹੈਂ ॥ ੪੩੨ ॥

(੧) ਪੇਖ-ਪਤੰਗੇ ਸ਼ਾਕ੍ਰਤ ਦੀਵੇ ਦਾ ਦਰਸ਼ਨ ਕਰਕੇ ਅਸਚਰਜ ਹੋਇ।

(੨) ਸੁਨ-ਹਰਨ ਸ਼ਬਦ ਆਵਾਜ਼ ਸੁਣਕੇ ਅਸਚਰਜ ਹੋਇ।

(੩) ਅਚਵਤ-ਭੌਰੇ ਵਾਂਗੂੰ ਸੁਆਦ ਚਖ ਕੇ ਤੇ ਅਸਚਰਜ ਹੋਇ।

ਗੁਰ ਸਿਖ ਗੁਰਾਂ ਵਿਚ ਸਮਾ ਜਾਇ ॥੪੩੨॥

ਗੁਰਾਂ ਦੀ ਚਰਨ ਸ਼ਰਨ ਜਾਕੇ ਜੋ ਅਨੰਦ ਹੁੰਦਾ ਹੈ ਉਸ ਬਾਰੇ ਹੋਰ ਗਲਾਂ ਇਵੇਂ ਦਿਤੀਆਂ ਜਾਂਦੀਆਂ ਹਨ।

ਸੋਂਤ ਸਿੰਘਾਸਨ ਜੈਸੇ ਕਾਮਨੀ ਕਾਮਨੀ ਐਸੇ
ਗੁਰ ਚਰਨ ਸਰਨ ਕੀ ਬਾਤ ਨ ਸੁਹਾਤ ਹੈ।

ਜਿਵੇਂ ਸਦਾ ਇਸਤ੍ਰੀ ਨਾਲ ਨੂੰ ਪਤੀ ਦ ਮਿਲੇ ਤੇ ਸ਼ਾਦੀਆਂ ਤਾਂ ਸਭ ਬੇਹਦ ਸੋਹਣੇ ਉਨਾਂ ਦੀਆਂ ਗੱਲਾਂ ਨਹੀਂ ਚੰਗੀਆਂ ਲੱਗਦੀਆਂ ॥

ਪ੍ਰਿਅ ਕਰ ਉਨਮਤ ਮੁਦਿਤ ਹੈ ਚਕੋਰ ਗਤਿ
ਇਕ ਟਕ ਧਿਆਨ ਕੈ ਸਮਾਰਤ ਨ ਗਾਤ ਹੈ।

(ਪ੍ਰਿਅਕਰ) ਪਿਆਲਾ ਪੀਣ ਵਾਲਾ (ਹੋਦ) (ਉਨਮਤ) ਚਕਚੂਰ ਚਕੋਰਾਂ ਦੇ ਸਮਾਨ ਚੰਦ੍ਰਮਾ ਨੂੰ ਮਿਲਦਾ (ਪ੍ਰਾਪਤ) ਹੁੰਦਾ ਹੈ ਲਗਾ ਕੇ ਧਿਆਨ ਲਾਕੇ ਸਰੀਰ ਨੂੰ ਨਹੀਂ ਸੰਭਾਲਦਾ (ਤੇ ਅਨੰਦ ਹੁੰਦਾ ਹੈ) ॥

ਜੈਸੇ ਮਧੁਕਰ ਮਕਰੰਦ ਰਸ ਲੁਭਿਤ ਹੈ
ਬਿਸਮ ਕਮਲ ਦਲ ਸੰਪਟ ਸਮਾਤ ਹੈ।

(ਮਧੁਕਰ) ਭੌਰਾ (ਦਲ) ਪਤ੍ਰ (ਸੰਪਟ) ਡੱਬਾ। ਜਿਵੇਂ ਭੌਰਾ ਫੁਲਾਂ ਦੀ ਖੁਸ਼ਬੋ ਦੇ ਸੁਆਦ ਵਿਚ ਲੋਭ ਕੇ ਨਿਰਮਲ ਕਮਲ ਦੇ ਡੱਬੇ ਵਿਚ ਪਇਆ ਵਿਚ ਬਸ ਜਾਂਦਾ ਹੈ ॥

ਤੈਸੇ ਗੁਰ ਚਰਨ ਸਰਨ ਹਲਿ ਜਾਤ ਸਿਖ
ਦਰਸ ਪਰਸ ਪ੍ਰੇਮ ਰਸ ਮੁਸਕਾਤ ਹੈ ॥੪੫੨॥

ਜਿਵੇਂ ਹੀ ਗੁਰੂ ਚਰਨ ਸ਼ਰਨ ਜਾਕੇ ਸਿਖ ਗੁਰਾਂ ਦੇ ਦਰਸ਼ਨ ਕਰਕੇ ਪ੍ਰੇਮ ਦੇ ਸੁਆਦ ਨੂੰ ਲੈਕੇ ਹਸਦੇ ਖਿੜਿਆ ਅਨੰਦ ਹੁੰਦੇ ਹਨ ॥ ੪੫੨ ॥

ਭਾਈ ਸਾਹਿਬ ਜੀ ਗੁਰ ਸਿਖਾਂ ਨੂੰ ਨਿੰਮ੍ਰਤਾ ਦਾ ਤਰੀਕਾ ਦਸਦੇ ਹਨ ॥

ਆਵਤ ਹੈ ਜਾਹੈ ਭੀਖ ਮਾਂਗਨ ਭਿਖਾਰੀ ਦੀਨ
ਦੇਖਤ ਅਧੀਨਤਾ ਨਿਰਾਸ ਨ ਖਿਝਾਰ ਹੈ।

ਜਿਸਦੇ ਘਰ ਭਿਖਿਆ ਮੰਗਣ ਗਰੀਬ ਮੰਗਤਾ ਔਂਦਾ ਹੈ (ਮੰਗਤੇ) ਦੀ ਨਿੰਮ੍ਰਤਾ ਵੇਖਕੇ ਨਿਰਾਸਾ ਨਹੀਂ (ਖਿਝਾਰ) ਮੋੜਦਾ ॥

ਬੋਲਤ ਹੈ ਜਾਂਹੈ ਦ੍ਵਾਰ ਆਸਾ ਕੈ ਭਿਖਾਰੀ ਸ੍ਵਾਨ
ਲੀਤ ਕਰਨਾ ਕੈ ਤੋਰ ਟੂਕ ਤਾਹਿ ਡਾਰ ਹੈ।

ਪੂਰਾ ਜਿਸ ਦੇ ਸੁਹੇ ਤੇ ਹੋਰ ਦੀ ਆਸਾ ਨੂੰ ਆਣ ਕੇ ਅਪੜਿਆ ਹੈ ਤਾਂ ਅੰਤ ਨੂੰ (ਉਹ ਮਾਲਕ) (ਕਰ ਕੇ) (ਕਰਨਾ) ਕਿਰਪਾ ਕਰਕੇ ਅੱਖੀਂ ਨਾਲੋਂ ਦੂਰ ਕਰ ਕੇ (ਤਿਸ ਜੁੱਤੀ ਨੂੰ) ਸੁਟ ਹੀ ਦਿੰਦਾ ਹੈ ॥

ਪਾਇਨ ਕੀ ਪਨਹੀ ਰਹਤ ਪਰਹਰੀ ਪਰੀ
ਕਾਹੂ ਕਾਹੂ ਕਾਜ ਉਨ ਹੋਤ ਸਮਾਰ ਹੈ ॥

(ਪਨਹੀ) ਜੁੱਤੀ । ਜਿੱਕਰ ਪੈਰਾਂ ਦੀ ਜੁੱਤੀ ਪਰੇ ਤਿਆਗੀ ਪਈ ਰਹਿੰਦੀ ਹੈ (ਪਰ ਉਸ ਜੁੱਤੀ ਦਾ ਮਾਲਕ) ਤਿਸ ਜੁੱਤੀ ਨੂੰ ਕਿਸੇ ਕੰਮ ਦੇ ਵੇਲੇ ਉਸਦੀ ਸੰਭਾਲ ਕਰਦਾ ਹੈ ॥

ਛਾਡਿ ਅਹੰਕਾਰ ਛਾਰ ਹੋਇ ਗੁਰ ਮਾਰਗ ਮੈ
ਕਬਹੂ ਦਯਾ ਕੈ ਆਨ ਦਯਾਲ ਪਗਧਾਰ ਹੈ ॥੪੨੪॥

(ਮਾਰਗ) ਰਸਤਾ । ਤਿੱਕੁਰ ਹੀ (ਹੇ ਸਿਖ) ਤੂੰ ਭੀ ਹੰਕਾਰ ਛਡਕੇ ਗੁਰਾਂ ਦੇ ਰਸਤੇ ਵਿਚ ਮਿੱਟੀ ਵਾਙੂ ਹੋ ਰਹੀਂ ਤਾਂ ਕ੍ਰਿਪਾ ਕਰਕੇ ਦਯਾ ਦੇ ਘਰ ਦਾਤਿ ਗੁਰੂ (ਤੇਰੇ ਹਿਰਦੇ ਰੂਪ ਘਰ ਵਿਚ) ਪੈਰ ਪੌਣਗੇ ॥ ੪੨੪ ॥

ਜਿਸ ਸਿਖ ਦੀ ਗੁਰੂ ਜੀ ਥੋੜੀ ਭੇਟ ਲੈਣ ਅਤੇ ਜੇ ਕੋਈ ਉਸ ਨਾਲ ਨਿੰਮੋਸ਼ੀਆਂ ਦ੍ਵੈਸ਼ ਕਰੇ ਤਾਂ ਗੁਰੂ ਜੀ ਸਿਖ ਦੇ ਇੱਕਦਮ ਸਹਾਈ ਹੁੰਦੇ ਹਨ ॥

ਦ੍ਰੋਪਤੀ ਕੁਚੀਲ ਮਾਤ੍ਰ ਦਈ ਜੋ ਮੁਨੀਸੁਰ ਕੋ
ਹੋਤ ਸਭਾ ਮਧ ਕੋਟੈ ਬਸਨ ਪ੍ਰਵਾਹ ਜੀ ॥

(ਮੁਨੀਸਰ) ਦੁਰਬਾਸਾ ਰਿਖੀ । ਦ੍ਰੋਪਤੀ (ਰਾਜਾ ਦੀ ਲੜਕੀ ਜਦੋਂ ਕਿ ਨਦੀ ਦੇ ਕਿਨਾਰੇ ਸਹੇਲੀਆਂ ਨਾਲ ਖੇਡਦੀ ਸੀ) ਨੇ ਇਕ ਛੋਟੀ ਜੇਹੀ ਲੀਰ ਕਟੀ (ਆਪਣੀ ਚੁੰਨੀ ਨਾਲੋਂ ਪਾੜ ਕੇ) ਦੁਰਬਾਸਾ ਰਿਖੀ (ਜਦੋਂ ਕਿ ਨਦੀ ਵਿਚ ਨ੍ਹਾ ਰਿਹਾ ਸੀ ਤਾਂ ਲੰਗੋਟੀ ਰੁੜ੍ਹ ਗਈ ਸੀ ਅਤੇ ਜੇਹੜੀਆਂ ਦ੍ਰੋਪਤੀ ਦੀਆਂ ਸਹੇਲੀਆਂ ਸੀ ਉਹ ਵੀ ਰੁੜ੍ਹ ਜਾਂਦੀਆਂ ਸੀ) ਨੂੰ ਦਿਤੀ ਸੀ ਤਿਸਤੋਂ ਦੁਰਜੋਧਨ ਦੀ ਸਭਾ ਵਿਚ ਕਪੜਿਆਂ ਦਾ ਢੇਰ ਲਗ ਗਿਆ (ਕਿਆ ਤੇਰੂ ਪਾਲੀ ਅਤੁਲ ਕਪੜੇ ਰੂਪ ਹੂਏ ॥) ਉਹ ਸਾਮਨ ਕੀ ਸਭਾ ਦ੍ਰੋਪਤੀ ਅੰਬਰ ਲੇਤ ਉਬਾਰੀਅਲੇ ।

(ਪਾਲੀ ਰਹਿਤਾ ਨਾਮਦੇਉ ਜੀ)

ਪਾਰਥ ਕੀ ਰਾਨੀ ਸਭਾ ਬੀਚ ਬਿਲਖਾਨੀ ਦੁਸਾਸਨ ਅਭਿਮਾਨੀ ਗਹਿ ਆਨੀ ਕੇਸ ਪਾਸ ਮੈਂ । ਭੀਖਮ ਦ੍ਰੋਣ ਕਰਨ ਸਭੀ ਦੇਖਤ ਪੁਕਾਰੀ ਨਾਥ ਤੁਮ ਹੀ ਅਨਾਥ ਨੀਚ ਲੋਕਨ ਕੇ ਤ੍ਰਾਸ ਮੈਂ । ਸੈਨ ਪਤਿ ਤੇਹੀ ਘਟ ਕੋਟ ਕੋਟ ਪਟ ਖੜੇ ਢੇਰ ਸਾਥ ਲਾਇਕੇ ਅਕਾਸ ਮੈਂ । ਸੈਦਨ ਕੇ ਕਾਜ ਮੈਂ ਸਿਮਰ

ਕੇ ਨਿਵਾਸ ਕੋ ਸਰੋਜ ਨਾਭ ਕਾਮ ਸੋ ਦਿਖਾਈ ਪੀਠ ਕਾਮ ਮੈਂ [illegible] ਖੁਲਾ ॥ ਦੁਸਾਸਨ ਦੁਸਮਨ ਦੁਕੂਲ ਗਹੇ ਦੀਨ ਬੈਨ ਦੀਨ ਹੂੰਤੇ ਦੋਪਤੀ ਦੁਲਾਰੀ ਕੇ ਪੁਕਾਰੀ ਹੈ। ਛਾਡੇ ਪਰਸ਼ਾਰਥ ਕੋ ਠਾਢੇ ਪੀਆ ਪਾਰਥ ਸੋ ਭੀਮ ਮਹਾਂ ਭੀਮ ਗ੍ਰੀਵ ਨੀਚੇ ਕੋ ਨਿਹਾਰੀ ਹੈ। ਅੰਬਰ ਲੌ ਅੰਬਰ ਅੰਬਾਰ ਕੀਏ ਦੇਮੋਦਰ ਭੀਖਮ ਕਰਨ ਦ੍ਰੋਨ ਲਾਜ ਸੌਂ ਬਿਚਾਰੀ ਹੈ। ਸਾਰੀ ਮਧ ਨਾਰੀ ਹੈ ਕਿ ਨਾਰੀ ਮਧ ਸਾਰੀ ਹੈ ਕਿ ਸਾਰੀ ਹੂ ਕੀ ਨਾਰੀ ਹੈ ਕਿ ਨਾਰੀ ਹੂ ਕੀ ਸਾਰੀ ਹੈ ॥

ਤੰਦਲ ਤਨਕ ਜਗਦੀਸ ਕੋ *ਸੁਦਾਮੇ ਦਏ
ਭੁਗਤੇ ਪਾਏ ਚਤਰ ਪਦਾਰਥ ਅਥਾਹ ਜੀ ॥

(ਤੰਦਲ) ਚਾਵਲ। ਥੋੜੇ ਜਿਹੇ ਚੌਲ ਸੁਦਾਮੇ ਭਗਤ ਨੇ ਕ੍ਰਿਸ਼ਨ ਜੀ ਨੂੰ ਦਿਤੇ ਸੀ ਇਸ ਤੋਂ ਉਸਨੇ ਚਾਰ ਪਦਾਰਥ ਅਤੇ ਹੋਰ ਬਾਹਲੇ ਗੁਣ ਪਾ ਲਏ॥

ਦੁਖਤ † ਗਜਿੰਦ ਅਰਬਿੰਦ ਕਾਢੇ ਭੇਟ ਨਾਥੈ
ਤਾਕੇ ਕਾਜੇ ਚੱਕ੍ਰਪਾਨਿ ਆਨਿ ਬੂਸੇ ਗ੍ਰਾਹ ਜੀ ॥

(ਗਜਿੰਦ) ਵਡਾ ਐਰਾਪਤ ਹਾਥੀ (ਅਰਬਿੰਦ) ਕੌਲ ਫੁਲ। ਦੁਖੀ ਹੋਏ ਹਾਥੀ ਨੇ ਕੌਲ ਫੁਲ ਫੜ ਕੇ ਭੇਟਾ ਰਖਿਆ। ਇਸ ਲਈ ਵਿਸ਼ਨੂ ਨੇ ਆਕੇ ਤੰਦੂਏ ਪਾਸੋਂ ਹਾਥੀ ਫੜੇ ਹੋਏ ਨੂੰ ਛੁਡਾਇਆ॥

ਕਰ ਧਰੇ ਚੱਕ੍ਰ ਬੈਕੁੰਠ ਤੇ ਆਏ ਗਜ ਹਸਤੀ ਕੇ ਪ੍ਰਾਨ ਉਧਾਰੀਅਲੇ।
(ਮਾਲੀ ਗਉੜਾ ਨਾਮਦੇਉ ਜੀ)

ਕਹਾ ਕੋਊ ਕਰੈ ਕਛੁ ਹੋਤ ਨ ਕਾਹੂ ਕੇ ਕੀਏ

---

*ਇਹ ਸੁਦਾਮਾ ਭਗਤ ਇਕ ਬੜਾ ਗਰੀਬ ਹੁੰਦਾ ਸੀ ਕਿ ਇਕ ਦਿਨ ਇਸ ਦੀ ਇਸਤ੍ਰੀ ਨੇ ਇਸ ਨੂੰ ਬੜਾ ਸਤਾਯਾ ਕਿ ਤੇਰਾ ਯਾਰ ਕ੍ਰਿਸ਼ਨ ਹੈ ਤੂੰ ਉਸ ਪਾਸ ਜਾ। ਇਸ ਲਈ ਇਹ ਕ੍ਰਿਸ਼ਨ ਜੀ ਪਾਸ ਦੁਆਰਕਾ ਨਗਰੀ ਆ ਗਿਆ ਅਗੋਂ ਕ੍ਰਿਸ਼ਨ ਜੀ ਨੇ ਬੜਾ ਆਦਰ ਕੀਤਾ ਭਗਤ ਨੇ ਚਾਵਲ ਭੇਟਾ ਕੀਤੇ ਜੋ ਕ੍ਰਿਸ਼ਨ ਜੀ ਨੇ ਬਾਹਲੇ ਸੁਆਦ ਨਾਲ ਚਬੇ ਅਤੇ ਭਗਤ ਦੇ ਘਰ ਆਪਣੇ ਮਹਲ ਸੋਨੇ ਦੇ ਕਰ ਦਿਤੇ॥ ਦੇਖੋ ਭਾਈ ਗੁਰਦਾਸ ਜੀਦੀ ਵਾਰ ੧੦॥

†ਕਬਿਤ—ਰਮਾ ਕੋ ਨਿਵਾਰ ਖਗ ਗਰੁੜ ਬਿਸਾਰ ਕਰ ਦਹੀ ਸੀ ਸੰਭਾਰ ਕਰਤਾਰ ਜੇ ਨਾ ਧਾਵਤੇ। ਗ੍ਰਾਹ ਤੇ ਉਧਾਰਤੇ ਨਾ ਮਰਤੇ ਅਧੀਰ ਮਾਹਿ ਧਰਤੇ ਅਹਾਰ ਥਾਹ ਕਾਰ ਕੇ ਨ ਖਾਵਤੇ। ਆਰਤ ਪੁਕਾਰਤ ਕੋ ਕਰਕੇ ਕਰੁਨਾ ਧਾਰਾ ਤੇ ਅਨਾਥ ਨਾਥ ਨਾਹੀ ਕੈਸੇ ਨਾਮ ਗਾਵਤੇ। ਗਾਥਤੇ ਨ ਹੱਸਕ ਪ੍ਰਭੂ ਕੌ ਕੇ ਦਰਗਹ ਸਿੰਧ ਭੱਗਕ ਕੇ ਰੱਛਕ ਪਵੀਕ ਕਹੇ ਕਹਾਵਤੇ॥

ਜੈਸੇ ਪੂਤ ਮਾਤ ਹੇਤ ਸਭੈ ਸੁਖ ਤਾਹਿ ਜੀ ॥੩੨੫॥

ਕਿਆ ਕੋਈ ਕਿਸੇ ਨੂੰ ਕੁਝ ਕਰ ਸਕਦਾ ਹੈ (ਨਹੀਂ) ਕਿਸੇ ਦਾ ਕੀਤਾ ਕਦ ਨਹੀਂ ਹੋਂਦਾ ਕਿਉਂ ਜੋ ਕੋਈ ਕਿਸੇ ਨੂੰ ਦੁਖ ਦੇਣ ਲਗਾ ਤਾਂ ਨਹੀਂ ਦੇ ਸਕਦਾ ਕਿਉਂ ਕਿ ਜਿਸਦੀ ਵਾਹਿਗੁਰੂ ਮੰਨ ਲਵੇ ਉਸੇ ਨੂੰ ਹੀ ਸੁਖ ਸਾਰੇ ਹੋਂਦੇ ਹਨ। (ਭਾਈ ਕ੍ਰਿਤ ਕੁਲਿਆਤ ਪੋਥੀ ਬਾਬ ਹਕੀਕਤ ਪੁਸਤਕੋਂ ਵਿਚੋਂ)

"ਦੁਸ਼ਮਨ ਚਿ ਕੁਨਦ ਚੂੰ ਮਿਹਰਬਾਨ ਬਾਸ਼ਦ ਦੋਸਤ"

(ਪੂਨਾ ਦੀਵਾਨੋਂ ਵਿਚੋਂ) ਸ਼ੇਅਰ

ਚਿ ਗ਼ਮ ਦੀਵਾਰ ਉੱਮਤ ਰਾ ਕਿ ਦਾਰਦ ਚੂੰ ਤੋ ਪੁਸ਼ਤੀ ਬਾਨ।

ਚਿ ਬਾਕ ਅਜ਼ ਮੌਜ ਬਹਰਾਂ ਰਾ ਕਿ ਬਾਸ਼ਦ ਨੂਹ ਕਿਸ਼ਤੀ ਬਾਨ ॥ ਖੁਲਾਸਾ।

ਵਾਹਿਗੁਰੂ ਦੀ ਅਗਾਧ ਗਤੀ ਅਤੇ ਸੇਵਾ ਦਾ ਫਲ

***ਸਰਵਨ ਸੇਵਾ ਮਾਤ ਪਿਤਾ ਕੀ ਬਿਸੇਖ ਕੀਨੀ**

ਤਾਂ ਤੇ ਗਾਈਅਤ ਜਸ ਜਗਤ ਮੈ ਤਾਹੂ ਕੋ ॥

ਸਰਵਨ ਨੇ ਮਾਂ ਪਿਉ ਦੀ ਸਾਧਾਰਨੀ ਸੇਵਾ ਕੀਤੀ ਹੈ ਇਸ ਕਰਕੇ ਉਸ ਦਾ ਜਸ ਜਗਤ ਵਿਚ ਗਾਇਆ ਜਾਂਦਾ ਹੈ ॥

ਜਨ *ਪ੍ਰਹਲਾਦਿ ਆਦਿ ਅੰਤ ਲੌ ਅਵੱਗਯਾ ਕੀਨੀ

ਤਾਤ ਘਾਤ ਕਰ ਪ੍ਰਭ ਰਾਖਿਓ ਪ੍ਰਨ ਵਾਹੂ ਕੋ ॥

ਪ੍ਰਹਲਾਦ ਭਗਤ ਜੰਮਦਾ ਹੀ ਵੱਡਾ ਹੋਣ ਤਕ ਪਿਓ ਦੀ ਅਵੱਗਯਾ ਕਰਦਾ ਰਿਹਾ (ਵਾਹਿਗੁਰੂ ਨੇ ਉਸਦੇ) ਪਿਤਾ ਨੂੰ ਮਾਰਕੇ ਉਸਦਾ ਹੀ ਪ੍ਰਨ ਨਿਭਾਹਿਆ (ਜਿਹਾ ਮਕਰਾਣ ਏਹ ਸਾਰਾ ਸ਼ਬਦ ਨਾਮ ਦੇਵ ਜੀ ਦਾ ਭੈਰਉ ਵਿਚੋਂ ਵੇਖੋ)

ਦ੍ਵਾਦਸ ਬਰਖ *ਸੁਕ ਜਨਨੀ ਦੁਖਤ ਕਰੀ

ਸਿਧ ਭਏ ਤਊ ਛਿਨ ਜਨਮ ਹੈ ਜਾਹੂ ਕੋ ॥

(ਜਨਨੀ) ਮਾਂ ਬਾਰਾਂ ਵਰ੍ਹੇ ਸੁਕਦੇਵ ਜੀ ਨੇ ਆਪਣੀ ਮਾਂ ਨੂੰ ਦੁਖੀ ਕੀਤਾ ਸੀ (ਫਿਰ ਭੀ) ਉਸਦੇ ਜੋਗੀ ਨਾਲ ਜੰਮਣ ਦੇ ਵੇਲੇ ਜਿਨੇ ਬੱਚੇ ਨਾਲ ਜੰਮੇ ਸਨ ਉਹ ਸਾਰੇ ਸਿਧ ਹੋ ਗਏ ਸਨ ॥

ਅਕਥ ਕਥਾ ਬਿਸਮ ਜਾਨੀਐ ਨ ਜਾਇ ਕਛੂ

---

*ਏਨ੍ਹਾਂ ਤਿੰਨਾਂ ਭਗਤਾਂ ਦਾ ਪ੍ਰਸਿੱਧ ਆਪਣੇ ਵੇਲੇ ਹੋਇਆ ਹੈ ਜੋ ਇਕ ਮਾਤਾ ਪਿਤਾ ਦੀ ਸੇਵਾ ਕਰਨ ਵਾਲਾ ਅਤੇ ਦੋ ਦੁਖ ਦੇਣ ਵਾਲੇ ਹੋਕੇ ਭੀ ਪਾਰ ਹੋਏ ਹਨ। ਇਸ ਕਰਕੇ ਅਗਾਧ ਗਤੀ ਹੈ ॥

ਪਹੁੰਚੈ ਨ ਗਜਾਨ ਉਨਮਾਨ ਆਨ ਕਾਹੂ ਕੋ ॥੪੩੬॥

ਅਸਚਰਜ ਵਾਹਿਗੁਰੂ ਦੀ ਅਕਥ ਕਥਾ ਹੈ ਕੁਝ ਜਾਣੀ ਨਹੀਂ ਜਾਂਦੀ ਅਤੇ ਨਾ ਹੀ ਕਿਸੇ (ਆਨ) ਹੋਰ ਦੇ ਗਜਾਨ ਦਾ (ਉਨਮਾਨ) ਵਿਚਾਰ ਪਹੁੰਚ ਸਕਦਾ ਹੈ ਭਾਵ ਏਹ ਨਹੀਂ ਜਾਣਿਆ ਜਾਂਦਾ ਕਿ ਗੁਰੂ ਪ੍ਰਮੇਸ਼ਰ ਕਿਸ ਤਰ੍ਹਾਂ ਪ੍ਰਸੰਨ ਹੋ ਜਾਂਦਾ ਹੈ ॥ ੪੩੬॥

ਜਿਹੜਾ ਕਹੇ ਤੇ ਕਮਾਵੇ ਨਾ ਉਹਦਾ ਆਪਣੇ ਤੇ ਅਤੇ ਹੋਰਨਾਂ ਤੇ ਕਿਵੇਂ ਕੁਝ ਨਹੀਂ ਅਸਰ ਹੋ ਸਕਦਾ।

ਖਾਂਡ ਖਾਂਡ ਕਹਿ ਜਿਹਬਾ ਨ, ਸ੍ਵਾਦ ਮੀਠੋ ਆਵੈ
ਅਗਨਿ ਅਗਨਿ ਕਹਿ ਸੀਤ ਨ ਬਿਨਾਸ ਹੈ ॥

ਜਿਕੁਰ ਖੰਡ ੨ ਕਿਹਾਂ ਜੀਭ ਨੂੰ ਮਿਠਾ ਸੁਆਦ ਨਹੀਂ ਔਂਦਾ ਅਤੇ ਅਗ ੨ ਕਿਹਾਂ ਪਾਲਾ ਦੂਰ ਨਹੀਂ ਹੁੰਦਾ।

ਬੈਦ ਬੈਦ ਕਹਿ ਰੋਗ ਮਿਟਤ ਨ ਕਾਹੂ ਕੋ ਹੈ
ਦਰਬ ਦਰਬ ਕਹੈ ਕੋਊ ਦਰਬੇ ਨ ਬਿਲਾਸ ਹੈ ॥

ਜਿਕੁਰ ਹਕੀਮ ੨ ਕਿਹਾਂ ਕਿਸੇ ਦਾ ਰੋਗ ਤਾਂ ਨਹੀਂ ਦੂਰ ਹੋਜਾਂਦਾ ਅਤੇ ਧਨ ਧਨ ਆਖਿਆਂ ਕਿਸੇ ਨੂੰ ਧਨਦਾ (ਬਿਲਾਸ) ਅਨੰਦ ਤਾਂ ਨਹੀਂ ਮਿਲ ਜਾਂਦਾ।

ਚੰਦਨ ਚੰਦਨ ਕਹੈ ਹੋਤ ਨ ਸੁਬਾਸ ਬਾਸ
ਚੰਦ੍ਰ ਚੰਦ ਕਹੈ ਉਜੀਆਰੋ ਨ ਪ੍ਰਗਾਸ ਹੈ ॥

ਚੰਦਨ ੨ ਕਿਹਾਂ ਕੁਝ ਚੰਗੀ ਵਾਸਨਾ ਤੇ ਨਹੀਂ (ਸਰੀਰ ਚੋਂ) ਆਂਵਦੀ ਅਤੇ ਚੰਦ ੨ ਕਿਹਾ ਚੰਦ ਦਾ ਚਾਨਣ ਤੇ ਨਹੀਂ ਹੋਜਾਂਦਾ ॥

ਤੈਸੇ ਗਜਾਨ ਗੋਸਟ ਕਹਤ ਨ ਰਹਤ ਪਾਵੈ
ਕਰਨੀ ਪ੍ਰਧਾਨ ਭਾਨ ਉਦਤ ਅਕਾਸ ਹੈ ॥੪੩੭॥

(ਭਾਨ) ਸੂਰਜ। ਇਵੇਂ ਹੀ ਗਜਾਨ ਦੀ ਚਰਚਾ ਕਰਦਿਆਂ ਪਰ ਰਹਿਣੀ ਨਹੀਂ ਰਹਿੰਦਾ (ਓਹ ਕਿਸ ਕੰਮ) ਰਹਣੀ ਰਹੀ ਸੋਈ ਸਿਖ ਮੇਰਾ। ਓਹ ਸਾਹਿਬ ਮੈਂ ਉਸ ਕਾ ਚੇਲਾ। ਜਿਸ ਤਰਾਂ ਅਕਾਸ਼ ਵਿਚ ਸੂਰਜ ਚੜ੍ਹਿਆ ਹੋਇਆ ਸਾਰਿਆਂ ਨੂੰ ਦਿਸ ਪੈਂਦਾ ਹੈ ਇਕੁਰ ਹੀ ਕਰਨ ਵਾਲਾ ਆਦਮੀ ਸਾਰੇ ਸੰਸਾਰ ਵਿਚ ਪ੍ਰਗਟ ਹੋ ਜਾਂਦਾ ਹੈ ॥ ੪੩੭॥

ਗੁਰਾਂ ਦੇ ਚਰਨਾਂ ਵਿਚ ਰਹਿਣਿਆਂ ਤੋਂ ਬਿਨਾਂ ਹੋਰ ਲੋਕ ਵੇਖ ਲੋਕਾਂ

ਅਨੇਕ ਜਨਮ ਮਰਨ ਦੂਰ ਨਹੀਂ ਕਰ ਸਕਦੇ।

ਹਸਤ ਹਸਤ ਪੂਛੈ ਹਸ ਹਸ ਕੈ ਹਸਾਇ
ਰੋਵਤ ਰੋਵਤ ਪੂਛੈ ਰੋਇ ਕੈ ਰੁਵਾਇਕੈ ।

ਹਾਸੇ ਵਾਲਾ ਹਾਸੇ ਦੀਆਂ ਗਲਾਂ ਪੁਛਕੇ ਆਪ ਹਸਦਾ ਹੈ ਅਤੇ ਅਗਲੇ ਨੂੰ ਹਸੌਂਦਾ ਹੈ ਰੋਣ ਵਾਲਾ ਰੋਣੇ ਦੀਆਂ ਗਲਾਂ ਪੁਛਕੇ ਆਪ ਰੋਂਦਾ ਹੈ ਅਤੇ ਅਗਲੇ ਨੂੰ ਰੁਵੌਂਦਾ ਹੈ।

ਬੈਠੇ ਬੈਠੇ ਪੂਛੈ ਬੈਠਿ ਬੈਠਕੈ ਨਿਕਟ ਜਾਇ
ਚਲਤ ਚਲਤ ਪੂਛੈ ਦਹਦਿਸ ਧਾਇਕੈ ।

ਬੈਠਣ ਵਾਲੇ ਬੈਠਣ ਵਾਲਿਆਂ ਪਾਸ ਜਾਕੇ ਬਹਿਕੇ ਬੈਠਣ ਦੀਆਂ ਗਲਾਂ ਅਤੇ ਤੁਰਨ ਵਾਲੇ ਤੁਰਨ ਵਾਲਿਆਂ ਪਾਸੋਂ ਦਸਾਂ ਹੀ ਦਿਸ਼ਾ ਵਲ ਦੌੜਕੇ ਪੁਛਦੇ ਹਨ॥

ਲੋਗ ਪੂਛੈ ਲੋਗਾਚਾਰ ਬੇਦ ਪੂਛੈ ਬੇਦਾ ਬਿਧਿ
ਜੋਗੀ ਭੋਗੀ ਜੋਗ ਭੋਗ ਜੁਗਤਿ ਜੁਗਾਇਕੈ ।

(੧) ਲੋਕ ਲੋਕਾਂ ਦੇ ਕਰਤਬਾਂ (ਰੀਤਾਂ) ਦੀਆਂ (੨) ਵੇਦ ਦੇ ਪੜ੍ਹਨ ਵਾਲੇ ਵੇਦ ਦੀਆਂ ਵਿਧੀਆਂ। (੩) ਜੋਗੀ ਜੋਗ ਦੀਆਂ ਜੁਗਤੀਆਂ। (੪) ਭੋਗੀ ਭੋਗਾਂ ਦੀਆਂ ਜੁਗਤੀਆਂ। (ਜਗਾਇ) ਸੁਤਿਆਂ ਨੂੰ ਜਗਾਕੇ ਦਾ ਪ੍ਰਕਾਰ ਕਰਾਕੇ ਪੁਛਦੇ ਹਨ।

ਜਨਮ ਮਰਨ ਭ੍ਰਮ ਕਾਹੂ ਨ ਮਿਟਾਇ ਸਾਕਯੋ
ਨਿਹਚਲ ਭਏ ਗੁਰ ਚਰਨ ਸਮਾਇ ਕੈ ॥੪੭੮॥

(ਉਪਰੋਕਤ ਲੋਕਾਂ ਵੇਦਾਂ ਪਾਸੋਂ) ਜਨਮ ਮਰਨ ਦਾ ਭ੍ਰਮ ਸੰਸਾਰੀਆਂ ਲੋਕਾਂ ਦਾ ਕਿਸੇ ਪਾਸੋਂ ਵੀ ਨਾ ਦੂਰ ਹੋ ਸਕਿਆ ਵਾ ਕੋਈ ਦੂਰ ਨਾ ਕਰ ਸਕਿਆ ਪਰ ਅੰਤ ਨੂੰ ਥਕ ਕੇ ਲੋਕ ਜਦ ਗੁਰਾਂ ਦੇ ਚਰਨਾਂ ਵਿਚ ਸਮਾਇ ਤਾਂ (ਜਨਮ ਮਰਨ ਤੋਂ) (ਨਿਸਚਿਤ) ਰਹਿਤ ਹੋਗਏ॥ ੪੭੮ ॥

ਜਿਨਾਂ ਚਿਤ ਗੁਰ ਉਪਦੇਸ਼ ਨੂੰ ਨਾ ਧਾਰੇ ਉਨਾਂ ਕਿਰ ਪੂਰੇ ਮਰਾਤਬੇ ਨੂੰ ਕਿਤੇ ਨਹੀਂ ਪਹੁੰਚ ਸਕਦਾ॥

ਪੂਛਤ ਪਥਕ ਤਿਹ ਮਾਰਗ ਨ ਧਾਰੈ ਪਗ
ਪ੍ਰੀਤਮ ਕੈ ਦੇਸ ਕੈਸੇ ਬਾਤਨ ਸੈ ਜਾਈਐ॥

ਰਸਤਿਆਂ ਸੈਨਾਂ ਦੇ ਰਾਹ ਮੁਸਾਫਰਾਂ ਦੇ ਪਰ ਰਾਹ ਵਿਚ ਪੈਰ ਨਹੀਂ ਧਰਦੇ

ਇਸ ਲਈ ਪਿਆਰੇ ਵਾਹਿਗੁਰੂ ਦੇ ਪਿੰਡ ਜਲਾਂ ਨਾਲ ਕਿਕੂਰ ਜਾਯਾ ਜਾਵੇ ॥

ਪੂਛਤ ਹੈ ਬੈਦ ਖਾਤ ਔਖਧਿ ਨ ਸੰਜਮ ਸੈਂ
ਕੈਸੇ ਮਿਟੈ ਰੋਗ ਸੁਖ ਸਹਜ ਸਮਾਈਐ ॥

ਗੁਰੂ ਰੂਪ ਹਕੀਮ ਪਾਸੋਂ (ਰੋਗ ਦਾ ਇਲਾਜ ਪੁਛਦਾ ਹੈ) ਪਰ ਦਵਾਈ ਸੰਜਮ (ਪੱਥ ਮਾੜੇ ਖਾਣੇ ਨੂੰ ਰੋਕਣਾ) ਨਾਲ ਨਹੀਂ ਖਾਂਦਾ ਇਸ ਲਈ ਰੋਗ ਕਿਕੂਰ ਦੂਰ ਹੋਵੇ ਅਤੇ ਅਨੰਦ ਸੁਖ (ਵਾਹਿਗੁਰੂ) ਵਿਚ ਕਿਕੂਰ ਸਮਾਵੇ ॥

ਪੂਛਤ (ਹੈ) ਸੁਹਾਗਨਿ ਕਰਮ ਹੈ ਦੁਹਾਗਨਿ ਕੈ
ਰਿਦੈ ਬਿਭਚਾਰ ਕਤ ਸਿਹਜਾ ਬੁਲਾਈਐ ॥

ਪੁਛਦੀ ਹੈ ਸੁਹਾਗਣਾਂ ਇਸਤ੍ਰੀਆਂ (ਉਤਮ ਸਿਖਾਂ) ਪਾਸੋਂ ਅਤੇ ਆਪ ਕਰਮ ਕਰਦੀ ਹੈ ਦੁਰਾਚਾਰ ਇਸਤ੍ਰੀਆਂ ਵਾਲੇ ਕਿ ਰਿਦੇ ਵਿਚ ਸਹੁਰਿਆਂ ਆਦਮੀਆਂ (ਦੇਵੀ ਦੇਵਤਿਆਂ) ਨਾਲ ਪ੍ਰੀਤ ਹੈ ਉਹਨੂੰ ਕਦ ਅੰਤਸ਼ਕਰਨ ਰੂਪ ਸਿਜਾ ਉਤੇ ਗੁਰੂ ਪ੍ਰਮਾਤਮਾ ਬੁਲਾ ਸਕਦਾ ਹੈ ॥

ਗਾਇ ਸੁਨੈ ਆਂਖੇ ਮੀਚੇ ਪਾਈਐ ਨ ਪ੍ਰਮ ਪਦ
ਗੁਰਉਪਦੇਸ ਗਹਿ ਜੌ ਲੌ ਨ ਕਮਾਈਐ ॥੪੩੯॥

ਗੌਣ ਸੁਣਨ ਅੱਖਾਂ ਮੀਟਣ ਨਾਲ ਉਚਾ ਮਰਤਬਾ ਨਹੀਂ ਪਾਈਆ ਜਾਂਦਾ ਜਿੰਨਾ ਚਿਰ ਕਿ ਗੁਰ ਉਪਦੇਸ਼ ਨੂੰ (ਗਹ) ਗ੍ਰਹਣ (ਫੜ) ਕਰਕੇ ਕਮੌਣਾ ਨਾ ਕਰੀਏ ॥ ੪੩੯ ॥

ਸਿਖ ਓਹੋ ਹੀ ਚੰਗਾ ਹੈ ਜੋ ਗੁਰ ਉਪਦੇਸ਼ ਨੂੰ ਸੁਣਕੇ ਕਮਾਂਦਾ ਰਹੇ ।

ਖੋਜੀ ਖੋਜ ਦੇਖ ਚਲੈ ਜਾਇ ਪਹੁੰਚੇ ਠਿਕਾਨੇ
ਆਲਸ ਬਿਲੰਬ ਕੀਏ ਖੋਜ ਮਿਟ ਜਾਤ ਹੈ ॥

ਖੋਜੀ ਖੋਜ ਨੂੰ ਵੇਖਕੇ ਉਸ ਜਗ੍ਹਾ ਜਾ ਪਹੁੰਚਦਾ ਹੈ ਅਤੇ ਢਿਲਿੱਚੂ (ਚਿਰੋਕਾ) ਦੇਰੀ ਕਰਦਾ ਹੈ ਇਸ ਲਈ ਉਸਨੂੰ ਓਹੁ ਰਾਹ ਭੁਲ ਜਾਂਦਾ ਹੈ ॥

ਸੇਜਾ ਸਮੇ ਰਮੈ ਭਰਤਾਰ ਬਰ ਨਾਰਿ ਸੋਈ
ਕਰੈ ਜੋ ਅਵੱਗਯਾ ਨਾਹਿ ਮਾਨੈ ਉਦੈ ਪ੍ਰਾਤ ਹੈ ॥

ਜੇਹੜੀ ਇਸਤ੍ਰੀ ਵੇਲੇ ਸਿਰ ਪਤੀ ਦੀ ਸੇਜਾ ਤੇ ਜਾਕੇ ਪਤੀ ਨਾਲ ਰਮਣ ਕਰੇ ਓਹ ਚੰਗੀ ਹੈ ਅਤੇ ਜੋ ਪਤੀ ਦੀ ਅਵੱਗਯਾ ਕਰੇ ਕਿ ਬਚਨ ਨਾ ਮੰਨੇ ਉਸ ਨੂੰ ਸਵੇਰ ਦਾ ਵੇਲਾ ਹੋ ਔਂਦਾ ਹੈ ਭਾਵ ਓਹ ਸਾਰੀ ਰਾਤ ਦੁਖ ਪੈਂਦੀ ਰਹਿੰਦੀ ਹੈ

ਗਈ ਅੰਮ੍ਰਿਤ ਦੀ ਲੋੜ ਆਪਣੀ ਹੈ।

ਬਰਖਤ ਮੇਘ ਜਲ ਚਾਤ੍ਰਿਕ ਤ੍ਰਿਪਤ ਪੀਏ

ਮੋਨ ਗਹੇ ਬਰਖ ਬਤੀਤੇ ਬਿਲਲਾਤ ਹੈ ॥

ਜਿਕੁਰ ਮੀਂਹ ਪੈਣ ਵੇਲੇ ਪਪੀਹਾ ਪਾਣੀ ਨਾਲ ਰਜ ਜਾਂਦਾ ਹੈ ਅਤੇ ਫੇ ਉਸ ਵੇਲੇ (ਮੋਨ) ਚੁਪ (ਗਹੇ) ਫੜ (ਕਰ) ਰਖੇ ਤਾਂ ਜਦ ਮੀਂਹ ਵਰ੍ਹਕ ਕੇ ਮੁੱਕਾ ਗੁਜ਼ਰ ਜਾਏ ਫਰ ਰੋਂਦਾ ਹੈ।

ਸਿਖ ਜੋਈ ਸੁਨ ਗੁਰ ਸਬਦ ਰਹਤ ਲੋਹੈ

ਬਧਰ ਸਨੇਹ ਕੀਏ ਪਾਛੈ ਪਛੁਤਾਤ ਹੈ ॥੫੪੦॥

ਜਿਕੁਰ ਹੀ ਸਿਖ ਜੋਈ ਹੈ ਜੋ ਗੁਰ ਉਪਦੇਸ਼ ਨੂੰ ਸੁਣਕੇ ਰਹਿਣੀ ਵਿਚ ਰਹਿੰਦਾ ਹੈ (ਰਹਿਤ ਰਹੇ ਜੋਈ ਸਿਖ ਮੇਰਾ। ਓਹੁ ਸਾਹਿਬ ਮੈਂ ਉਸਕਾ ਚੇਰਾ) ਅਤੇ ਜੋ ਕਥਣ ਦਾ (ਸਨੇਹ) ਪ੍ਰੇਮ (ਗੁਰ ਉਪਦੇਸ਼ ਵਿਚ ਕਰਦਾ ਹੈ) ਓਹ ਪਿਛੋਂ ਜਮਾਂ, ਦੁਖਾਂ, ਸਰਕਾਰ ਦੇ ਵਸ ਪਿਆ ਹੋਇਆ ਪਛਤੌਂਦਾ ਹੈ ॥੫੪੦॥

ਗੁਰਾਂ ਦੀ ਸੇਵਾ ਛਡਕੇ ਕੋਈ ਸਿਖ ਹੋਰ ਕਿਸੇ ਦੇਵਤੇ ਦੀ ਸਰਨ ਜਾਂਦਾ ਹੈ ਓਹ ਨਾ ਹੀ ਤੇ ਓਸ ਪਾਸ ਰਹਿ ਸਕਦਾ ਹੈ ਅਤੇ ਨਾ ਹੀ ਉਸ ਪ੍ਰਾਣੀ ਨੂੰ ਓਹ ਕਿਕੁਰ ਰਖ ਸਕਦਾ ਹੈ ਜਿਕੁਰ ਮੂਹਰੇ ਵਰਨਨ ਹੈ ॥

ਜੈਸੇ ਬਛੁਰਾ ਬਿਛੁਰ ਪਰੈ ਆਨ ਗਾਇ ਥਨ

ਦੁਗਧ ਨ ਪਾਨ ਕਰੈ ਮਾਰਤ ਹੈ ਲਾਤ ਕੀ ॥

ਜਿਕੁਰ ਵੱਛਾ ਆਪਣੀ ਮਾਂ ਦੇ ਥਣਾਂ ਤੋਂ ਭੁਲਕੇ ਕਿਸੇ ਹੋਰ ਗਾਂ ਦੇ ਥਣਾਂ ਨੂੰ ਜਾ ਪੈਂਦਾ ਹੈ ਤਦ ਉਹ ਦੁਧ ਨਹੀਂ ਪੀਂਦਾ (ਅਥਵਾ ਦੁਧ ਨਹੀਂ ਪੀਣ ਦੇਂਦੀ) ਕਿਉਂਕਿ ਲਤਾਂ ਦੀ ਚੋਟ ਮਾਰਦੀ (ਕਿਆ ਦੁਲੱਤੇ ਮਾਰਦੀ) ਹੈ॥

ਜੈਸੇ ਮਾਨਸਰ ਤਿਆਗ ਹੰਸ ਆਨਸਰ ਜਾਤ

ਖਾਤ ਨ ਮੁਕਤਾਫਲ ਜੁਗਤ ਨ ਘਾਤ ਕੀ ॥

ਜਿਕੁਰ ਤਾਲ ਨੂੰ ਛੱਡਕੇ ਹੰਸ ਹੋਰ ਤਲੈਂ ਤੇ ਜਾਂਦਾ ਹੈ ਅਤੇ ਓਥੇ ਮੋਤੀ ਨਹੀਂ ਖੁੰਦਾ ਜੋ ਉਹਦੇ ਸਰੀਰ ਦਾ ਖਾਣਾ ਹੁੰਦਾ ਹੈ (ਸਗੋਂ ਆਪਣਾ ਆਪ ਗਵਾਲੇਂਦਾ ਹੀ) ॥

ਜੈਸੇ ਰਾਜ ਦ੍ਵਾਰ ਤਜਿ ਆਨ ਦ੍ਵਾਰ ਜਾਤ ਜਨ

ਹੋਤ ਮਾਨ ਭੰਗ ਮਹਿਮਾ ਨ ਕਾਹੂ ਬਾਤ ਕੀ ॥

ਜਿਵੇਂ ਇਸੇ ਨਾਰ ਆਪਣੇ ਮਾਲਕ ਦਾ ਬੂਹਾ ਛਡਕੇ (ਆਨ) ਕਿਸੇ ਹੋਰ ਦੇ ਬੂਹੇ ਤੇ ਜਾਂਦਾ ਹੈ ਤੇ ਉਸ ਦਾ ਨਿਰਾਦਰ ਹੁੰਦਾ ਹੈ ਅਤੇ ਕਿਸੇ ਗਲ ਕਰਨ ਦੀ ਉਹ ਦੀ ਮਹਿਮਾ ਵੀ ਨਹੀਂ ਹੁੰਦੀ ॥

ਤੈਸੇ ਗੁਰ ਸਿਖ ਆਨ ਦੇਵਕੀ ਸਰੈਨ ਜਾਤ
ਰਾਖਸੈ ਨ ਪਰਤ ਰਾਖਿ ਸਕਤ ਨ ਪਾਤਕੀ ॥੪੪੧

ਤਿਵੇਂ ਹੀ ਜੇਹੜਾ ਗੁਰੂ ਦਾ ਸਿਖ ਕਿਸੇ (ਆਨ) ਹੋਰ ਦੇਵਤਾ ਦੀ ਸ਼ਰਨ ਜਾਂਦਾ ਹੈ ਤਾਂ ਉਸ ਨੂੰ ਨਾ ਹੀ ਉਹ ਦੇਵਤਾ ਆਪਣੀ ਸ਼ਰਨ ਵਿਚ ਰਖ ਸਕਦਾ ਹੈ ਅਤੇ ਨਾ ਹੀ ਉਹ (ਪਾਤਕੀ) ਪਾਪੀ ਉਥੇ ਰਹਿ ਸਕਦਾ ਹੈ ॥ ਪ੍ਰਸੰਗ-॥

ਹੋਰ ਦੇਵਤਿਆਂ ਦੇ ਸੇਵਕ ਕਪਟੀ ਹਨ ਆਪਣੇ ਮਤਲਬ ਗੁਰਾਂ ਪਾਸੋਂ ਪੂਰੇ ਕਰਕੇ ਫਿਰ ਹੋਰਦੇ ਦੇਵਤਿਆਂ ਵਲ ਚਲੇ ਜਾਂਦੇ ਹਨ ਅਤੇ ਗੁਰ ਸਿਖ ਗੁਰਾਂ ਨਾਲ ਮੀਨ ਵਾਂਗੂ ਰਹਿੰਦੇ ਹਨ ॥

ਜੈਸੇ ਘਨ ਘੋਰ ਮੋਰ ਚਾਤ੍ਰਿਕ ਸਨੇਹ ਗਤ
ਬਰਖਤ ਮੇਹ ਅਸਨੇਹ ਕੈ ਦਿਖਾਵਈ ॥

ਜਿਵੇਂ ਮੀਂਹ ਵਰ੍ਹਦੇ ਤਕ ਮੋਰ ਪਪੀਹੇ ਪੂਰਾ ਪ੍ਰੇਮ ਰਖਦੇ ਹਨ ਅਤੇ ਜਦ ਮੀਂਹ ਵਰ੍ਹ ਚੁਕੇ ਤਦ ਬਦਲਾਂ (ਨਾਲ) ਅਪ੍ਰੇਮ ਕਰਕੇ ਦਿਖਾਂਦੇ ਹਨ (ਇਸ ਕਰ ਕੇ ਦੋਨੋਂ (ਗਤ) ਵਾਂਗੂ ਮਨਮੁਖ ਹੋਨ) ॥

ਜੈਸੇ ਤੌ ਕਮਲ ਜਲ ਅੰਤਰ ਬਿਮੁਖ ਹ੍ਵੈ
ਮਧੁਕਰ ਦਿਨਕਰ ਹੇਤ ਉਪਜਾਵਈ ॥

(ਮਧੁਕਰ) ਭੌਰਾ (ਦਿਨਕਰ) ਸੂਰਜ । ਜਿਵੇਂ ਕੌਲ ਫੁਲ ਜਦ ਪਾਣੀ ਵਿਚ (ਰਾਤ ਨੂੰ ਮੁੰਦਿਆ ਹੋਇਆ) ਹੁੰਦਾ ਹੈ ਤਾਂ ਭੌਰਾ ਹੋਰਨਾਂ ਫੁਲਾਂ ਦੇ ਅੰਦਰ ਕਿਆ ਸਿਰਦੇ ਫਿਰਦਾ ਰਹਿੰਦਾ ਹੈ ਅਤੇ ਜਦ ਸੂਰਜ ਚੜ੍ਹਦਾ ਹੈ ਤਾਂ (ਕੌਲ ਵਾਂਗੂ ਭੌਰਾ) ਪ੍ਰੇਮ ਪੈਦਾ ਕਰਦਾ ਹੈ ॥

ਦਾਦਰ ਨਿਵਾਦਰ ਹ੍ਵੈ ਜੀਵਤ ਪਵਨ ਭਖ
ਜਲ ਤਜ ਮਰਤ ਨ ਪ੍ਰੇਮ ਕੋ ਲਜਾਵਈ ॥

(ਦਾਦਰ) ਡੱਡੂ । ਜਿਵੇਂ ਡੱਡੂ ਦਾ ਨਿਰਾਦਰ ਹੁੰਦਾ ਹੈ ਕਿਉਂਕਿ ਉਹ ਪਾਣੀ ਤੋਂ ਬਾਹਰ ਨਿਕਲ ਜਾਂਦਾ ਹੈ ਅਤੇ ਪੌਣ ਨੂੰ (ਭਖ) ਖਾਕੇ ਜੀਉਂਦਾ ਹੈ ਪਰ ਜਿਸ ਵੇਲੇ ਜੇਹੜੀ ਮਛਲੀ ਮਰਨ ਲਗੇ ਫਿਰ ਉਸ ਵੇਲੇ ਪਾਣੀ ਵਿਚ ਵੜ ਜਾਂਦਾ ਹੈ ਆਪਣੇ ਪ੍ਰੇਮ ਦੇ ਸੰਗੀਆਂ ਨਹੀਂ ਲਜਾਉਂਦਾ ਹੈ ਮਛ ਦਾ ਆਦਰ ਹੋਵੇ

ਜਲ ਧਾਰੀ ਹਿਤ ਲੈਂਦਾ ਹਾ (ਇਸੁਰ ਹੀ ਮਨਮੁਖ)

ਕਪਟ ਸਨੇਹੀ ਤੈਸੇ ਆਨ ਦੇਵ ਸੇਵਕ ਹੈ

ਗੁਰ ਸਿਖ ਮੀਨ ਜਲ ਹੇਤ ਨਿਰਬਾਹਵੀ ॥੪੪੨॥

ਤਿਵੇਂ ਹੀ ਕਪਟ ਪ੍ਰੇਮ ਵਾਲੇ ਹੋਰ ਦੇਵਤਿਆਂ ਦੇ ਦਾਸ (ਗੁਰਾਂ ਨੂੰ ਛਡਕੇ ਹੋਰ ਦੇਵਤਿਆਂ ਵਲ ਰੁਜੂ ਜਾਂਦੇ) ਹਨ ਜਿਹੜੇ ਕਿ ਉਨ੍ਹਾਂ ਦਾ ਕੰਮ ਪੂਰਾ ਹੋਇਆ ਦੇ ਜੇਹਾ ਨੂੰ ਕਹਾਵਣਾ ਹੈ ਕਿ "ਮਤਲਬੀ ਯਾਰ ਕਿਸਦੇ" "ਖਾਧਾ ਪੀਤਾ ਖਿਸਕ ਗਏ" ਅਤੇ ਗੁਰੂ ਕੇ ਸਿਖ ਗੁਰਾਂ ਨਾਲ ਇਉਂ ਪ੍ਰੇਮ ਕਰਦੇ ਹਨ ਜਿਵੇਂ ਮਛੀ ਪਾਣੀ ਨਾਲ ॥੪੪੨॥

ਜੇ ਓਹ ਸੇਵਕ ਉਪਰੋਕਤ ਦੇਵਤਿਆਂ ਦਾ ਗੁਰ ਸਰਨ ਵਿਚ ਆ ਵੀ ਜਾਵੇ ਯਾ ਰਹਿੰਦਾ ਰਹੇ ਤਾਂ ਓਹ ਸੇਵਾ ਗੁਰਾਂ ਦੀ ਇਉਂ ਨਹੀਂ ਕਰਨ ਜਾਣਦਾ ॥

ਪੁਰਖ ਨਿਪੁੰਸਕ ਨ ਜਾਨੈ ਬਨਿਤਾ ਬਿਲਾਸ

ਬਾਂਝ ਕਹਾ ਜਾਨੈ ਸੁਖ ਸੰਤਤ ਸਨੇਹ ਕੋ ॥

(ਨਿਪੁੰਸਕ) ਖੁਸਰਾ (ਬਨਿਤਾ) ਇਸਤ੍ਰੀ। ਜਿਵੇਂ ਖੁਸਰਾ ਆਦਮੀ ਇਸਤ੍ਰੀ ਨਾਲ ਅਨੰਦ ਕਰਨ ਨਹੀਂ ਜਾਣਦਾ ਅਤੇ ਬਾਂਝ ਇਸਤ੍ਰੀ ਕਿਵੇਂ ਸੰਤਾਨ ਦੇ ਪ੍ਰੇਮ ਸੁਖ ਨੂੰ ਜਾਣਦੀ ਹੈ ॥

ਗਨਿਕਾ ਸੰਤਾਨ ਕੋ ਬਖਾਨ ਕਹਾ ਗੋਤ੍ਰਾਚਾਰ

ਨਾਹਿ ਉਪਚਾਰ ਕਛੁ ਕ੍ਰਿਸਨੀ ਕੀ ਦੇਹ ਕੋ ॥

(ਜਿਵੇਂ) ਵੇਸਵਾ ਦੀ ਔਲਾਦ ਦਾ ਗੋਤ੍ਰ ਚਾਰ ਕੌਣ ਉਚਾਰ ਸਕਦਾ ਹੈ ਕਿਆ ਨਹੀਂ (ਕਬਿੱਤ [illegible] ਪੌੜੀ ੮ ਵੀ) ਅਤੇ ਕੋੜ੍ਹੇ ਦੀ ਦੇਹ ਦਾ (ਜਿਵੇਂ) ਇਲਾਜ ਕੁਝ ਨਹੀਂ ॥

ਆਂਧਰੋ ਨ ਜਾਨੈ ਰੂਪ ਰੰਗ ਨ ਬਧਿਰ ਰਾਗ

ਜਾਨਤ ਨ ਬਧਰੋ ਪ੍ਰਸੰਨ ਅਸਪ੍ਰੇਹ ਕੋ ॥

(ਜਿਵੇਂ) ਅੰਨ੍ਹਾਂ (ਸੂਰਦਾਸ) ਰੂਪ ਰੰਗ ਦੇਖਣ ਦੀ ਸਮਾਧਾਨ ਨਹੀਂ ਜਾਣਦਾ ਅਤੇ (ਜਿਵੇਂ) ਬੋਲਾ ਨਹੀਂ ਪ੍ਰਸੰਨਤਾ ਤੇ ਅਪ੍ਰਸੰਨਤਾ ਜਾਣਦਾ (ਵਾਰ [illegible] ਪੌੜੀ ੨) "ਬੋਲੇ ਅਗੇ ਗਾਵੀਐ ਭੇਰਉ ਸੋ ਗਉੜੀ"

ਆਨ ਦੇਵ ਸੇਵਕ ਨ ਜਾਨੈ ਗੁਰ ਦੇਵ ਸੇਵ

ਜੈਸੇ ਕੇ ਸੇਵਕੋਂ ਨਹੀਂ ਬਾਪੜ ਹੈ ਸੇਵ ਦੇ ਸਰਬਤ

ਜਿਵੇਂ ਕਿ ਧੀ (ਅਨ) ਹੋਰ ਦੇਵਤਿਆਂ ਦਾ ਸੇਵਕ (ਗੁਰਦੇਵ) ਸ੍ਰੀ ਗੁਰੂ ਨਾਨਕ ਜੀ ਆਪਣੇ ਦੀ ਸੇਵਾ ਕਰਨੀ ਨਹੀਂ ਜਾਣਦਾ ਅਤੇ ਜਿਵੇਂ ਕਵਾਹਾ ਮੀਂਹ ਨੂੰ ਨਹੀਂ ਚਾਹੁੰਦਾ ਇਵੇਂ ਹੀ ਓਹ ਗੁਰਾਂ ਦੀ ਸੇਵਾ ਕਰਨੀ ਨਹੀਂ ਚਾਹੁੰਦਾ ਵਾਰ ੧੭ ਪੌੜੀ ੭॥ "ਸਾਵਣ ਵਣ ਹਰੀਆਵਲੇ ਸੁੱਕੇ ਸੁੱਕੇ ਅਕ ਜਵਾਹਾਂ" (ਪਹਿਲਾ ਵਾਰ ੨੭ ਪੌੜੀ ੧੧ ਪੰਗਤੀ ੪)

ਸਾਵਣ ਵਣ ਹਰੀਆਵਲੇ ਸੁਕੈ ਅੱਕ ਜਵਾਹਾਂ ਦੁਖੋ ॥ ੫੪੩ ॥

ਉਪ੍ਰੋਕਤਿ ਕਬਿਤਾਂ ਦੇ ਫਿਰ ਮੁਕਾਬਲੇ ਇਵੇਂ ਪ੍ਰਕਰਣ ਕਰਨਾ ਹੈ ਹਨ ਕਿ ਜੇ ਓਹੁ ਸੇਵਕ ਦੇਵਤਿਆਂ ਦੇ ਗੁਰਸ਼ਰਨ ਵਿਚ ਮੁੜਕੇ ਆ ਜਾਣ ਤਾਂ ਗੁਰੂ ਜੀ ਇਵੇਂ ਰਖਿਆ ਕਰਦੇ ਹਨ॥

ਜੈਸੇ ਭੂਲ ਬਛੁਰਾ ਪਰਤ ਆਨ ਗਾਇ ਥਨ
ਬਹੁਰੋ ਮਿਲਤ ਮਾਤ ਘਾਤ ਨ ਸਮਾਰ ਹੈ ॥

ਜਿਵੇਂ ਵੱਛਾ ਭੁਲਕੇ ਹੋਰ ਗਾਂ ਦੇ ਥਣਾਂ ਨੂੰ ਜਾ ਪੈਂਦਾ ਹੈ ਅਤੇ ਫਿਰ ਮਾਂ ਨੂੰ ਆ (ਮਿਲਦਾ) ਢੂੰਢਦਾ ਹੈ ਤਾਂ ਮਾਂ ਓਹ ਦੂਜੀ ਗਾਂ ਦੇ ਥਣਾਂ ਨੂੰ ਚੁੰਘਣ ਵਾਲੀ ਗਲ ਨਹੀਂ ਯਾਦ ਕਰਦੀ॥

ਜੈਸੇ ਆਨਸਰ ਭ੍ਰਮ ਆਵੈ ਮਾਨਸਰ ਹੰਸ
ਮੁਕਤਾ ਅਮੋਲ ਦੇਤ ਦੋਖ ਨ ਬੀਚਾਰ ਹੈ ॥

ਜਿਵੇਂ ਹੋਰ ਭਾਲ ਤੋਂ ਭੌਂਕੇ ਮਾਨ ਸਰੋਵਰ ਤੇ ਹੰਸ ਆ ਜਾਵੇ ਤਾਂ (ਮਾਨ ਸਰ) ਅਮੋਲਕ ਮੋਤੀਆਂ ਦਾ ਖਾਣਾ ਦੇਂਦਾ ਹੈ ਅਤੇ ਓਹ (ਦੋਸ਼ ਜਾਣਦਾ) ਦੂਸ਼ਣ ਨਹੀਂ ਵਿਚਾਰਦਾ॥

ਜੈਸੇ ਨ੍ਰਿਪ ਸੇਵਕ ਜੌ ਆਨ ਦੁਆਰ ਹਾਰ ਆਵੈ
ਚੌਗੁਨੋ ਬਢਾਵੈ ਨ ਅਵੱਗਯਾ ਉਰਧਾਰ ਹੈ ॥

ਜਿਵੇਂ ਰਾਜੇ ਦਾ ਦਾਸ ਜੇ ਹੋਰ ਕਿਸੇ ਦੇ ਦਰਵਾਜੇ ਤੋਂ ਹਾਰ ਖਾਕੇ ਆਵੇ ਤਾਂ ਉਹਦਾ ਰਾਜਾ ਸਗੋਂ ਦੂਣਾ ਚੌਣਾ ਪ੍ਰੇਮ ਵਧੇਂਦਾ ਹੈ ਅਤੇ ਕੋਈ ਅਵੱਗਿਆ ਦਾਸ ਦੀ ਆਪਣੇ (ਉਰਧਾਰ) ਹਿਰਦੇ ਵਿਚ ਨਹੀਂ ਰਖਦਾ॥

ਸਤਿਗੁਰ ਅਸਰਨ ਸਰਨ ਦਯਾਲ ਦੇਵ
ਸਿਖਨ ਕੈ ਭੂਲ ਚੂਕ ਹਿਰਦੈ ਮੈ ਨਿਹਾਰ ਹੈ ॥੫੪੪॥

ਇਵੇਂ ਹੀ ਸਤਿਗੁਰੂ ਜਨਾ ਦੇ ਪਰ ਅਤੇ ਪ੍ਰਕਾਸ਼ ਸਰੂਪ ਅਤੇ ਜਿਨਾਂ ਨੂੰ ਕੋਈ ਸ਼ਰਨ ਨਾ ਦੇਵੇ ਓਨਾ ਨੂੰ ਸ਼ਰਨ ਦੇਣ ਵਾਲੇ ਆਪਣੇ ਸਿਖਾਂ ਦੀਆਂ ਭੁੱਲਾਂ ਮਿਆਦ

ਤਰ੍ਹਾਂ ਹੋਰ ਦੇਵਤਿਆਂ ਦਾ ਸੇਵਕ ਵਿਚ ਨਰਕਾਂ (ਨਿਰਾਸ਼) ਵਸਦਾ ਰਹਿੰਦਾ ਹੈ ॥
ਦੇਵਤਿਆਂ ਦੇ ਅਰਾਧੀ ਸਿਖ ਦੇ ਪਾਸੋਂ ਗੁਰਾਂ ਦੀ ਸੇਵਾ ਨਹੀਂ ਹੁੰਦੀ ਇਸ ਕਰਕੇ ਉਹਨਾਂ ਦੀ ਮੁਰਾਦ ਕਿਧਰੇ ਨਹੀਂ ਪੂਰੀ ਹੁੰਦੀ ।

ਬਾਂਝ ਬਧੂ ਪੁਰਖ ਨਿਪੁੰਸਕ ਨ ਸੰਤਤ ਹੈ
ਸਲਲਿ ਬਿਲੋਏ ਕਤ ਮਾਖਨ ਪ੍ਰਗਾਸ ਹੈ ॥

(ਸਲਲਿ ਪਾਣੀ । ਜਿਵੇਂ ਬਾਂਝ ਇਸਤ੍ਰੀ ਖੁਸਰੇ ਆਦਮੀ ਨਾਲ ਮਿਲ ਜਾਵੇ ਤਾਂ ਔਲਾਦ ਨਹੀਂ ਹੁੰਦੀ ਅਤੇ ਪਾਣੀ ਰਿੜਕਣ ਨਾਲ ਮਖਣ ਕਿਥੇ ਨਿਕਲਦਾ ਹੈ ॥

ਫਨਿ ਗਹਿ ਦੁਗਧ ਪੀਆਏ ਨ ਮਿਟਤ ਬਿਖ
ਮੂਰੀ ਖਾਏ ਮੁਖ ਸੈ ਨ ਪ੍ਰਗਟੈ ਸੁਬਾਸ ਹੈ ।

(ਜਿਵੇਂ) ਸੱਪ ਨੂੰ ਫੜਕੇ ਦੁਧ ਪੀਆਈਏ ਤਾਂ ਉਸਦੀ ਵਿਹੁ ਨਹੀਂ ਦੂਰ ਹੁੰਦੀ ਅਤੇ ਮੂਲੀ ਖਾਣ ਨਾਲ ਮੂੰਹ ਵਿਚ ਸੁਗੰਧੀ ਨਹੀਂ ਪੈਦਾ ਹੁੰਦੀ ॥
"ਸਰਪ ਦੁਧ ਛੋਡੇ ਬਿਖੁ ਨਹੀਂ ਛਾਡੈ"

ਮਾਨਸਰ ਪਰ ਬੈਠੇ ਬਾਇਸ ਉਦਾਸ ਬਾਸ
ਅਰਗਜਾ ਲੇਪ ਖਰ ਭਸਮ ਨਿਵਾਸ ਹੈ ।

(ਬਾਇਸ) ਕਾਂ । ਜਿਵੇਂ ਹੰਸ ਦੇ ਤਾਲ ਤੇ ਵੀ ਕਾਂ ਬਹਿਕੇ ਉਦਾਸਿਆ ਹੀ ਵਸਦਾ ਹੈ ਅਤੇ ਖੋਤੇ ਨੂੰ ਖ਼ਾਦਨੀਆਂ ਸੁਗੰਧੀਆਂ ਨਾਲ ਭਾਵੇਂ ਲਿੰਬਦਿਓ ਓਹ ਸੁਆਹ ਦੀ ਸੁਆਹ (ਸੁਰਤ) ਵਿਚ ਲੇਟਦਾ ਹੈ ॥ (ਸੁਖਮਨੀ ਗੁਰੂ ੫)
"ਚੰਦਨ ਲੇਪੁ ਉਤਾਰੇ ਧੋਇ । ਗਰਧਬ ਪ੍ਰੀਤਿ ਭਸਮ ਸੰਗਿ ਹੋਇ"

ਆਨ ਦੇਵ ਸੇਵਕ ਨ ਜਾਨੈ ਗੁਰਦੇਵ ਸੇਵ
ਕਟਨ ਕੁਟੇਵ ਨ ਮਿਟਤ ਦੇਵ ਦਾਸ ਹੈ ॥੪੪੫॥

ਹੋਰ ਦੇਵਤਿਆਂ ਦੇ ਦਾਸ ਸ੍ਰੀ ਗੁਰੂ ਨਾਨਕ ਜੀ ਦੀ ਸੇਵਾ ਕਰਨੀ ਨਹੀਂ ਜਾਣਦੇ ਕਿਉਂਕਿ ਓਹਨਾਂ ਖੋਟਾ ਸੁਭਾਵ ਦੇਵਤਿਆਂ ਦੇ ਦਾਸਾਂ ਨੂੰ ਪਿਆ ਹੋਇਆ ਹੈ ਉਹ ਨਹੀਂ ਦੂਰ ਹੁੰਦਾ ॥੪੪੫॥
ਦਿਖਾਵਟ ਹਿਤ ਦੇਵ ਉਪਾਸਕ ਗੁਰਾਂ ਪਾਸੋਂ ਨਿਸਫਲ ਰਹਿੰਦੇ ਹਨ ॥

ਸੀਪ ਤੌ ਘਟਾ ਅੰਮ੍ਰਿਤ ਗਗਨ ਬਿਲੋਕੀਅਤਿ
ਜਲਧਿ ਜਲਨਿ ਬਿਨੁ ਬਰਖਾ ਬਿਲਾਸ ਹੈ ।

ਜਿਵੇਂ ਤਿਖਾ (ਤੇਹ ਪਾਣੀ ਦਾ ਅਭਾਵ) (ਮਿਲ ਜੁਲਣੋਂ) ਜੀਵਾਂ ਦੇ ਉਹ ਜੋਰਨ ਜਾਤਨ ਨੂੰ ਐਵੇਂ ਕਹਾ ਜਾਂਦਾ ਹੈ ॥

ਜੈਸੇ ਤੌ ਹਿਮਾਚਲ ਕਠੋਰ ਅਤਿ ਸੀਤਲ ਹੈ
ਮਰੀਐ ਨ ਖਾਇ ਖਾਇ ਤ੍ਰਿਖਾ ਨ ਮਿਟਾਤ ਹੈ।

ਜਿਵੇਂ (ਹਿਮਾਚਲ) ਬਰਫ ਦੇ ਪਹਾੜ ਤੇ ਜਾਣਾ ਬੜਾ (ਕਠੋਰ) ਔਖਾ ਹੈ ਪਰ ਜੇ ਕੋਈ ਚਲਿਆ ਵੀ ਜਾਵੇ ਤਾਂ ਬਰਫ ਬੜੀ ਠੰਡੀ ਹੁੰਦੀ ਹੈ ਆਦਮੀ ਹੀ ਉਥੇ ਗਲ ਜਾਂਦਾ ਹੈ ਅਤੇ ਜੇ ਬਚ ਵੀ ਜਾਵੇ ਤੇ ਤੇਹ ਜੇ ਉਸ ਨੂੰ ਲੱਗੇ ਤੇ ਉਹ ਬਰਫ ਖਾਵੇ ਤੇ ਤਾਂ ਉਹ ਖਾਧਾ ਨਹੀਂ ਜਾਂਦਾ ਜੇ ਖਾਧਾ ਜਾਵੇ ਤੇ ਤੇਹ ਦੂਰ ਨਹੀਂ ਹਟਾ ਸਕਦਾ ॥

ਜੈਸੇ ਓਸ ਪਰਤ ਕਰਤ ਹੈ ਸਜਲ ਦੇਹੀ
ਰਾਖੈ ਚਿਰੰਕਾਲ ਨਾਹਿ ਨੀਰ ਠਹਿਰਾਤ ਹੈ।

ਜਿਵੇਂ (ਰਾਤ ਨੂੰ) ਤ੍ਰੇਲ ਪੈਕੇ ਸਰੀਰ ਨੂੰ ਗਿਲਿਆਂ ਕਰਦੇਂਦੀ ਹੈ ਅਤੇ ਜੇ ਉਸ ਨੂੰ ਉਠਕੇ ਧੁਪ ਚੜ੍ਹਨ ਦੇ ਵੇਲੇ ਕਿਸੇ ਬਰਤਨ ਵਿਚ ਪਾਕੇ ਬਹੁਤਾ ਚਿਰ ਰਖਣਾ ਚਾਹੀਏ ਤਾਂ ਉਹ ਉਥੇ ਪਿਆ ਕਪੜੇ ਆਦਕ ਤੇ ਨਹੀਂ ਠਹਿਰ ਸਕਦੀ।

ਤੈਸੇ ਆਨ ਦੇਵ ਸੇਵ ਤ੍ਰਿਬਿਧਿ ਚਪਲ ਫਲ
ਸਤਿਗੁਰ ਅੰਮ੍ਰਿਤ ਪ੍ਰਵਾਹਿ ਨਿਤ ਪ੍ਰਾਤ ਹੈ ॥ ੪੬੯ ॥

ਤਿਵੇਂ ਹੀ (ਆਨ) ਹੋਰ ਦੇਵਤਿਆਂ ਦੀ ਸੇਵਾ (ਰਜੋ ਸਤੋ ਤਮੋ) ਤ੍ਰੈ ਗੁਣਾਂ ਵਿਚ ਫਲ ਦੇ ਦੇਣ ਵਾਲੀ ਹੈ ਅਤੇ ਸਤਗੁਰਾਂ ਦੀ ਸੇਵਾ ਅੰਮ੍ਰਿਤ ਦਾ ਪ੍ਰਵਾਹ ਸਦਾ ਹੀ ਸਵੇਰ ਤੋਂ ਲੈਕੇ ਰਾਤ ਤਕ ਵਗਾ ਰਹੀ ਹੈ ਭਾਵ ਸਤਿਗੁਰੂ ਮੁਕਤੀ ਕਰਦੇ ਹਨ ॥ ੪੬੯ ॥

ਭਾਵੇਂ ਕਿਤਨਾ ਹੀ ਕੋਈ ਵੱਡਾ ਠਾਕਰਾਂ ਦਾ ਭਗਤ ਹੋਵੇ ਪਰ ਦ੍ਵੈਤ ਭਾਵ ਵਿਚ ਹੋਣ ਕਰਕੇ ਉਚ ਮਰਤਬਾ ਨਹੀਂ ਪਾ ਸਕਦਾ ॥

ਬੈਸ਼ਨੋ ਅਨੰਨ ਬ੍ਰਹਮੰਨ ਸਾਲਗ੍ਰਾਮ ਸੇਵਾ
ਗੀਤਾ ਭਗਵਤ ਸ੍ਰੋਤਾ ਏਕਾਦਸੀ ਕਹਾਵਈ।

(੧) ਭਾਵੇਂ ਵਿਸ਼ਨੂ ਦਾ ਪਿਆਰਾ ਭਗਤ ਬ੍ਰਹਮਣ ਵੀ ਹੋਵੇ। (੨) ਠਾਕਰਾਂ ਦੀ ਸੇਵਾ ਕਰਨ ਵਾਲਾ ਵੀ ਹੋਵੇ। (੩) ਭਾਗਵਤ ਗ੍ਰੰਥ ਦਾ ਸੁਣਨ ਵਾਲਾ ਵੀ ਹੋਵੇ (੪) ਗੀਤਾ ਆਦਿਕ ਦਾ ਪੜ੍ਹਨ ਵਾਲਾ ਵੀ ਭਾਵੇਂ ਕਹੀਂਦਾ ਹੋਵੇ ॥

ਤੀਰਥ ਧਰਮ ਦੇਵ ਜਾਤ੍ਰਾ ਕੈ *ਪੰਡਤ ਪੂਛ

ਕਰਤ ਗਵਨ ਸੋ ਮਹੂਰਤ ਸੁਧਾਵਨੀ ।

(ਅਤੇ ਉਪ੍ਰੋਕਤਿ ਨੁਪਮਨ) ਤੀਰਥਾਂ ਨੂੰ (ਗਵਨ) ਜਾਣ ਲਗਾਂ ਅਤੇ ਦੇਵਤਿਆਂ ਨੂੰ ਪੂਜਣ ਲਗਾ ਤੇ ਧਰਮ ਕਰਨ ਲਗਾ ਪੰਡਤਾਂ ਤੋਂ ਮਹੂਰਤ ਕਢਾਕੇ ਤੁਰ ਜਾਂਦਾ ਹੈ॥

ਬਾਹਰ ਨਿਕਸ ਅਪਸਗੁਨ ਸਗਨ ਕੈ

ਸੰਕਾ ਉਪਰਾਜਤ ਬਹੁਰ ਘਰ ਆਵਨੀ ।

(ਅਤੇ ਜਦ ਉਹ ਉਪ੍ਰੋਕਤਿ ਪੁਰਸ਼) ਘਰੋਂ ਬਾਹਰ ਨਿਕਲਦਾ ਹੈ ਤੇ ਤਦ ਚੰਗਾ ਜਾਂ ਬੁਰਾ ਅਪਸਗਨ ਕਰ ਦੇਂਦਾ ਹੈ ਤਾਂ ਸੰਕਾ ਪੈਦਾ ਹੋਣ ਕਰਕੇ ਫਿਰ ਘਰ ਮੁੜ ਔਂਦਾ ਹੈ ॥

ਜੋਤਕ ਸਾਸਤ ਸਉਣ ਸੋਇ ਜਿਤੁ ਜਪੀਐ ਹਰਿ ਨਾਉ। (ਗੁਰੂ ੫ ਸਿਰੀਰਾਗ)

ਸਗੁਨ ਅਪਸਗੁਨ ਤਿਸ ਕਉ ਲਗਹਿ ਜਿਸੁ ਚੀਤਿ ਨ ਆਵੈ। (ਗੁਰੂ ੫ ਆਸਾ)

ਪੂਰੂ ਹਮਾਰੇ ਸਾਹਾ ਸਉਣ (ਗੁਰੂ ੫ ਭੈਰਉ)

(ਵਾਰ ਭਾਈ ਗੁਰਦਾਸ ਜੀ ੫ ਪਉੜੀ ੯ ਵੀਂ ਵੇਖੋ-ਵੇਖੋ ਵਾਰ ਪੂਨਾ ੬੭)

ਪਤਿਬ੍ਰਤ ਗਹਿ ਰਹਿ ਸਕਤ ਨ ਏਕ ਟੇਕ

ਦੁਬਿਧਾ ਅਛਤ ਨ ਪਰਮਪਦ ਪਾਵਈ ॥੪੭੪॥

ਜਿਵੇਂ ਪਤਿਬ੍ਰਤਾ ਇਸਤ੍ਰੀ ਇਕ ਪਤੀ ਦੇ ਆਸਰੇ ਰਹਿੰਦੀ ਹੈ ਇਵੇਂ ਹੀ ਜਗਿਆਸੂ ਇਕ ਵਾਹਿਗੁਰੂ ਦੀ ਓਟ ਲੈਕੇ ਨਹੀਂ ਰਹਿ ਸਕਦਾ ਅਤੇ ਉਹ ਦ੍ਵੈਤਭਾਉ ਦੇ ਹੁੰਦਿਆਂ (ਜਿਥੇ ਵਾਹਿਗੁਰੂ ਹੈ) ਉਚੇ ਪਦ ਨੂੰ ਪਾ ਸਕਦਾ ਹੈ॥੪੭੪॥

ਗੁਰ ਸਿਖ ਸਾਧ ਸੰਗਤ ਵਿਚ ਰਹਿਣ ਵਾਲਿਆਂ ਦਾ ਇਕ ਗੁਰਾਂ ਤੇ ਭਰੋਸਾ ਹੈ ਅਤੇ ਉਹ ਸਗਨ ਅਪਸਗਨ ਨਹੀਂ ਮੰਨਦੇ॥

ਗੁਰ ਸਿਖ ਸੰਗਤ ਮਿਲਾਪ ਕੋ ਪ੍ਰਤਾਪ ਐਸੋ

ਪਤਿਬ੍ਰਤ ਏਕ ਟੇਕ ਦੁਬਿਧਾ ਨਿਵਾਰੀ ਹੈ ।

ਗੁਰ ਸਿਖਾਂ ਦੀ ਸਾਧਸੰਗਤ ਦੇ ਮਿਲਾਪ ਦਾ ਪ੍ਰਤਾਪ ਇਉਂ ਜਾਪਦਾ ਹੈ ਕਿ

---

*ਜਿਵੇਂ ਗੁਰੂ ਪੰਚਮ ਜੀ ਦੇ ਵਕਤ ਇਕ ਬ੍ਰਾਹਮਣ ਜਾਂਦੀ ਵੇਲੇ ਨੂੰ ਰੋਕ ਕੇ ਗੁਰਸਿਖਾਂ ਦੇ ਸਿਰਾਂ ਉਪਰ ਜਾਣ ਲਗੇ ਖੇਤੇ ਦੀ ਅਵਾਜ਼ ਸੁਣਕੇ ਰਹਿ ਜਾਂਦਾ ਅਤੇ ਭੁਖੇ ਮਰੇ ਨੂੰ ਗੁਰੂ ਜੀ ਸੱਚੀਆਂ ਰੋਟੀ ਭੇਜਿਆ ਸੀ ।

ਪਤਿਬ੍ਰਤਾ ਇਸਤ੍ਰੀ ਭਾਂਤ ਇਕ ਪਤੀ ਪ੍ਰਮਾਤਮਾ ਦੀ ਓਟ ਲੈਂਦੇ ਹਨ ਅਤੇ ਹੋਰ ਸਾਰਿਆਂ ਨੂੰ ਭੁਲ ਕਰ ਦਿੰਦੇ ਹਨ ॥

ਪੂਛਤ ਨ ਜੋਤਕ ਔ ਵੇਦ ਥਿਤ ਵਾਰ ਕਛੁ
ਗ੍ਰਹ ਔ ਨਿਛਤ੍ਰ ਕੀ ਨ ਸੰਕਾ ਉਰ ਧਾਰੀ ਹੈ ॥

(ਗੁਰ ਸਿਖ) ਜੋਤਸ਼, ਵੇਦ, ਥਿਤਿ ਵਾਰ ਆਦਿਕ ਕੁਝ ਨਹੀਂ ਪੁਛਦੇ (ਅਤੇ ਵਿਚਾਰੇ ਜਾਣ ਲਗਦੇ) ਨਾ ਗ੍ਰਹ ਅਤੇ ਸਤਾਈ ਨਿਛਤ੍ਰਾਂ ਦੀ ਹੀ ਸ਼ੰਕਾ ਦਿਲ ਵਿਚ ਨਹੀਂ ਧਰਦੇ (ਜਿਵੇਂ ਭਾਈ ਪੰਜਾ ਸੰਗਲਾ ਦਸਿਆ ਗਿਆ ਸੀ) ॥ ਸਗੁਨ ਅਪਸਗੁਨ ਤਿਸ ਕਉ ਲਗਹਿ ਜਿਸੁ ਚੀਤਿ ਨ ਆਵੈ ॥ ਆਸਾ ਮਹਲਾ ੫

ਜਾਨਤ ਨ ਲਗਨ ਸਗਨ ਆਨ ਦੇਵ ਸੇਵ
ਸਬਦ ਸੁਰਤਿ ਲਿਵ ਨੇਹੁ ਨਿਰੰਕਾਰੀ ਹੈ ॥

(ਗੁਰ ਸਿਖ) ਜਾਣਦੇ ਨਹੀਂ ਲਗਨਾਂ ਸਗਨਾਂ ਅਤੇ ਹੋਰ ਦੇਵਤਿਆਂ ਦੀ ਸੇਵਾ ਗੁਰੂ ਨਿਰੰਕਾਰੀ ਦੇ ਉਪਦੇਸ਼ ਦੀ ਸੁਰਤ ਵਿਚ ਲਿਵ ਲਾ ਕੇ ਪ੍ਰੇਮ ਕਰਦੇ ਹਨ (ਵਾਰ ੫ ਪਉੜੀ ੮) ਸਉਣ ਸਗਨ ਵੀਚਾਰਣੇ ਨਉ ਗ੍ਰਹ ਬਾਰਹ ਰਾਸ ਵੀਚਾਰਾ (ਪੂਨਾ ਵਾਰ ੫੦) ਸਜਾ ਖਬਾ ਸਉਣ ਨ ਮੰਨਿ ਵਸਾਇਆ । ਸਬਦ ਸੁਰਤਿ ਲਿਵ ਨਿਰੰਕਾਰੀ

ਸਿਖ ਸੰਤ ਬਾਲਕ ਸ੍ਰੀ ਗੁਰ ਪ੍ਰਤਿਪਾਲਕ ਹੈ
ਜੀਵਨ ਮੁਕਤਿ ਗਤਿ ਬ੍ਰਹਮ ਬੀਚਾਰੀ ਹੈ ॥੫੪੮॥

ਵਾਹਿਗੁਰੂ ਦੇ ਵਿਚਾਰਵਾਨ ਜੀਵਨ ਮੁਕਤੀ ਨੂੰ ਪਹੁੰਚੇ ਹੋਏ ਇਸ ਤਰ੍ਹਾਂ ਦੇ ਸਤਿਗੁਰ ਗੁਰਸਿਖਾਂ ਸਿਖ ਸੰਤ ਆਪਣੇ ਬਾਲਕਾਂ ਦੇ (ਜਿਨ੍ਹਾਂ ਦੇ ਖਿਆਲ ਸਿੱਖੀ ਵਲ ਹਨ) ਪਾਲਣਾ ਕਰਨ ਵਾਲੇ ਹੁੰਦੇ ਹਨ ॥ ੫੪੮ ॥

ਗੁਰ ਸਿਖਾਂ ਨੂੰ ਪਤਿਬ੍ਰਤਾ ਇਸਤ੍ਰੀ ਦੀ ਤਰ੍ਹਾਂ ਬਯਾਨ ਕਰਦੇ ਹਨ ਅਤੇ ਹੋਰ ਸਾਰੇ ਦੇਵਤਿਆਂ ਆਦਿਕਾਂ ਦੇ ਤਿਆਗ ਕਰਕੇ ਸਿਖਾਂ ਦੀ ਇਕ ਗੁਰ ਵਿਚ ਲਗਨ ਹੁੰਦੀ ਹੈ ਜਿਵੇਂ ਪਾਣੀ ਵਿਚ ਮੱਛੀ ॥

ਨਾਰਿ ਭਰਤਾਰ ਕੇ ਸਨੇਹ ਪਤਿਬ੍ਰਤਾ ਹੋਇ
ਗੁਰ ਸਿਖ ਏਕ ਟੇਕ ਪਤਿ ਬ੍ਰਤ ਲੀਨ ਹੈ ॥

ਇਸਤ੍ਰੀ ਪਤੀ ਵਿਚ ਪ੍ਰੇਮ ਕਰਕੇ ਪਤਿਬ੍ਰਤਾ ਹੁੰਦੀ ਹੈ ਜਿਵੇਂ ਹੀ ਗੁਰ ਸਿਖ ਇਕ ਗੁਰ ਪ੍ਰਮਾਤਮਾ ਦੀ ਟੇਕ ਵਿਚ ਪਤਿਬ੍ਰਤਾ ਇਸਤ੍ਰੀ ਵਾਂਗ ਲੀਨ

[illegible] ।

ਰਾਗ ਨਾਦ ਬਾਦ ਔ ਸੰਬਾਦ ਪਤਿਬ੍ਰਤਾ ਹੋਇ
ਬਿਨ ਗੁਰ ਸਬਦ ਨ ਕਾਨ ਸਿਖ ਚੀਨ ਹੈ ॥

ਜਿਵੇਂ ਪਤਿਬ੍ਰਤਾ ਇਸਤ੍ਰੀ ਕਿਸੇ ਅਵਾਜ਼ ਹੋਰ ਦੇ ਬੋਲ ਚਾਲ ਖਿਆਲ ਨਹੀਂ ਕਰਦੀ ਇਵੇਂ ਹੀ ਗੁਰ ਸਿਖ ਭੈੜੇ ਰਾਗਾਂ ਦੇ ਵਾਜਿਆਂ ਦੇ ਬੋਲ ਵਲ ਅਤੇ ਹੋਰ ਵਕਾਰਿਆਂ ਵਲ ਨਹੀਂ ਹੁੰਦੇ ਅਤੇ ਗੁਰ ਸਬਦ ਤੋਂ ਬਿਨਾ ਕਿਸੇ ਵਲ ਧਿਆਨ ਭੀ ਨਹੀਂ ਦਿੰਦੇ ॥

ਰੂਪ ਰੰਗ ਅੰਗ ਸਰਬੰਗ ਹੇਰੈ ਪਤਿਬ੍ਰਤਾ
ਆਨ ਦੇਵ ਸੇਵਕਾਨ ਦਰਸਨ ਹੀਨ ਹੈ ॥

ਜਿਵੇਂ ਪਤਿਬ੍ਰਤਾ ਇਸਤ੍ਰੀ ਆਪਣੇ ਸਾਰੇ ਅੰਗਾਂ ਨਾਲ ਪਤੀ ਦੀ ਸੇਵਾ ਕਰਦੀ ਹੈ ਅਤੇ ਹੋਰ ਪੁਰਖ ਵਲ ਖਿਆਲ ਨਹੀਂ ਕਰਦੀ ਇਵੇਂ ਹੀ ਗੁਰਮੁਖ ਸਰੀਰ ਦੇ ਸਾਰੇ (ਨੇਤ੍ਰ ਆਦਿਕਾਂ) ਨਾਲ ਗੁਰਾਂ ਦੇ ਦਰਸ਼ਨ ਕਰਦੇ ਹਨ ਅਤੇ ਹੋਰ ਦੇਵਤਿਆਂ ਦੇ ਸੇਵਕ ਜੋ ਹਨ ਉਹਨਾਂ ਦਾ ਰੂਪ ਰੰਗ ਵੇਖਣਾ ਭੀ ਨਹੀਂ ਚਾਹੁੰਦੇ

ਸੁਜਨ ਕੁਟੰਬ ਗ੍ਰਿਹ ਗੌਨ ਕਰੈ ਪਤਿਬ੍ਰਤਾ
ਆਨ ਦੇਵ ਥਾਨ ਜੈਸੇ ਜਲ ਬਿਨ ਮੀਨ ਹੈ ॥੪੭੫॥

ਜਿਵੇਂ ਪਤਿਬ੍ਰਤਾ ਇਸਤ੍ਰੀ ਆਪਣੇ ਟੱਬਰ ਸੰਬੰਧੀ ਜਨਾਂ ਸਭ ਸਹੁਰੇ [illegible] ਦੇ ਘਰ ਵਿਚ ਜਾਣਾ ਕਰਦੀ ਹੈ ਅਤੇ ਪਤੀ ਦੇ ਬਿਨਾਂ ਹੋਰ ਕਿਸੇ ਵਲ ਖਿਆਲ ਨਹੀਂ ਕਰਦੀ ਜੇ ਕਿਧਰੇ ਪਤੀ ਤੋਂ ਵੱਖ ਸਮਝੇ ਵਿਛੜ ਵੀ ਜਾਵੇ ਤਾਂ ਉਸਦੀ ਹਾਲਤ ਇਵੇਂ ਹੁੰਦੀ ਹੈ ਜਿਵੇਂ ਜਲ ਬਿਨ ਮੱਛੀ ਦੀ। ਇਵੇਂ ਹੀ ਗੁਰ ਸਿਖ ਸੰਗਤਾਂ ਵਿਚ ਰਹਿਕੇ ਗੁਰੂ ਪਰਮਾਤਮਾ ਨੂੰ ਯਾਦ ਕਰਦੇ ਹਨ ਅਤੇ ਦੂਜੇ ਦੇਵਤਿਆਂ ਦੇ ਅਸਥਾਨਾਂ ਤੇ ਨਹੀਂ ਜਾਂਦੇ ਜੇ ਕਿਤੇ ਗੁਰਾਂ ਤੋਂ ਵਿਛੜ ਭੀ ਜਾਣ ਤਾਂ ਉਨਾਂ ਦਾ ਇਵੇਂ ਹੀ ਹਾਲ ਹੁੰਦਾ ਹੈ ਜਿਵੇਂ ਪਾਣੀ ਤੋਂ ਬਿਨਾਂ ਮੱਛੀ ਦਾ ॥੪੭੫॥

ਹੁਣ ਮਨਮੁਖ ਇਸਤ੍ਰੀ ਦਾ ਵਰਣਨ ਕਰਦੇ ਹਨ ॥

ਐਸੀ ਨਾਇਕਾ ਮੈ ਕੁਲਾਬਧੂ ਮਾਤ੍ਰ ਹੀ ਸਧਾਰ ਭਈ
ਆਸ ਪਰਾਸੀ ਮਾਤਾ ਪਿਤਾ ਹੇਤੈ ਨਾਹ [illegible] ॥

(ਨਾਇਕਾ) ਇਸਤ੍ਰੀ (ਨਾਹ) ਪਤੀ।

(ਜਿਵੇਂ ਕੋਈ ਪਦੀ ਮਨਮੁਖ ਇਸਤ੍ਰੀ ਸਾਰੇ ਕੁਲਵੰਤੀ ਇਸਤ੍ਰੀਆਂ ਦੀ ਤਰ੍ਹਾਂ

ਇਹ ਪਤਿਬ੍ਰਤਾ ਇਸਤ੍ਰੀ ਚੰਗੀ ਹੁੰਦੀ ਹੈ (ਕਿ ਮੰਦੀ ਇਸਤ੍ਰੀ [illegible])।

ਐਸੀ ਨਾਇਕਾ ਸੈ ਦੀਨਤਾ ਕੈ ਦੁਹਾਗਨਿ ਭਈ

ਪਤਿਤ ਪਾਵਨ ਪ੍ਰਿਯਾ ਪਾਇ ਲਾਇ ਲੇਤ ਹੈ।

ਇਹੋ ਜਿਹੀ (ਮਨਮੁਖ ਇਸਤ੍ਰੀ ਨਾਲੋਂ) ਦੀਨਤਾ ਵਾਲੀ ਇਸਤ੍ਰੀ ਜੋ ਰੰਡੀ ਹੈ ਕਿਉਂ ਕਿ ਪਾਪੀਆਂ ਨੂੰ ਪਵਿਤ੍ਰ ਕਰਨ ਵਾਲਾ ਪਤੀ ਇਸਤ੍ਰੀ ਨੂੰ ਚਰਨੀਂ ਲਾ ਲੈਂਦਾ ਹੈ।

ਐਸੀ ਨਾਇਕਾ ਸੈ ਭਲੋ ਬਿਰਹਾ ਬਿਓਗ ਸੋਗ

ਲਗਨ ਮਗਨ ਸੇਧੇ ਸਰੂਪ ਸਹੇਤ ਹੈ ॥

(ਨਾਇਕਾ) ਇਸਤ੍ਰੀ। ਇਹੋ ਜਿਹੀ (ਮਨਮੁਖ) ਇਸਤ੍ਰੀ ਨਾਲੋਂ ਵਿਛੋੜੇ ਕਰਕੇ ਵਿਛੜੀ ਹੋਈ ਜੋ ਪ੍ਰੀਤਮ ਦੀ ਲਗਨ ਕਰਕੇ ਮਗਨ ਹੋਈ ਹੋਈ [illegible] ਨੂੰ ਸੋਧਦੀ ਰਹਿੰਦੀ ਹੈ (ਪਤੀ ਦੀ ਉਡੀਕ ਵਿਚ) ਅਤੇ ਪਤੀ ਦੀ ਸਰੂਪ ਵਿਚ ਸਹਿਤ ਪ੍ਰੇਮ ਦੇ ਹੁੰਦੀ ਹੈ।

ਐਸੀ ਨਾਇਕਾ ਸੈ ਮਾਤ ਗਰਭ ਮੈ ਗਲੀ ਭਲੀ

ਕਪਟ ਸਨੇਹ ਦੁਬਿਧਾ ਜਨੇਂ ਰਾਹੁ ਕੇਤ ਹੈ॥ ੪੫੦

ਇਹੋ ਜਿਹੀ (ਮਨਮੁਖ) ਇਸਤ੍ਰੀ ਮਾਂ ਦੇ ਪੇਟ ਵਿਚ ਹੀ ਗਲ ਜਾਂਦੀ ਚੰਗੀ ਹੋਣੀ ਸੀ ਕਿਉਂਕਿ ਖੋਟਾ ਪ੍ਰੇਮ ਅਤੇ ਦੂਜਾ ਭਾਉ ਪਤੀ (ਗੁਰ) ਪ੍ਰਮਾਤਮਾ ਨਾਲ ਇਹੋ ਜਿਹਾ ਰਖਦੀ ਹੈ ਜਿਵੇਂ ਰਾਹੂ ਤੇ ਕੇਤੂ ਦੋਵੇਂ ਦੈਂਤ ਸੂਰਜ ਤੇ ਚੰਦ੍ਰਮਾ ਆਦਿ ਦੇਵਤਿਆਂ ਨਾਲ ਕਰਦੇ ਹਨ ॥ ੪੫੦ ॥

ਦੇਵਤਿਆਂ ਦੀ ਸੇਵਾ ਨਾਲੋਂ ਗੁਰ ਪ੍ਰਮਾਤਮਾ ਦੀ ਸੇਵਾ [illegible]।

ਜੈਸੇ ਜਲ ਕੂਪ ਨਿਕਸਤ ਹੈ ਜਤਨ ਕੀਏ

ਸੀਚੀਅਤਿ ਖੇਤ ਏਕੈ ਪਹੁਚੈ ਨ ਆਨ ਕੈ ॥

ਜਿਵੇਂ (ਕੂਪ) ਖੂਹ ਵਿਚੋਂ ਪਾਣੀ ਜਤਨ ਨਾਲ ਕਢਾਈਦਾ ਹੈ ਅਤੇ ਜਦ ਸਿੰਜੀਦਾ ਹੈ ਤਾਂ ਇਕ ਹੀ ਪੈਲੀ ਨੂੰ ਪਹੁੰਚਦਾ ਹੈ ਅਤੇ (ਆਨ) ਹੋਰ ਨੂੰ ਨਹੀਂ ਪਹੁੰਚਦਾ।

ਪਾਵਕ ਪਪੀਤਾ ਪ੍ਰਗਾਸੇ ਆਸ ਪਾਸ [illegible]

ਬਿਨੁ ਗੁਨ [illegible] ਪ੍ਰਾਨ ਕੈ ॥

(ਪ੍ਰੰਤੂ) ਤਾਂ ਭੀ (ਨਾਹੀ), ਅਮਰ ਜਿਨ੍ਹਾਂ ਦੇ ਪਾਸ ਕੁਬੇਰ ਭੀ ਦੇ ਪਾਸ ਬੈਠੇ ਰਹਿੰਦੇ ਹਨ। ਜਿਨ੍ਹਾਂ ਤੋਂ ਗਰੀਬੀ ਤੇ ਭੁੱਖ ਨੂੰ ਮਿਟਾਉਣ ਰਹਿਣ।

ਤੈਸੇ ਹੀ ਸਕਲ ਦੇਵ ਸੇਵ ਸੈ ਤ੍ਰਪਤ ਨਾਹਿ

ਸੇਵਾ ਕੀਏ ਦੇਤ ਫਲ ਕਾਮਨਾ ਸਮਾਨ ਹੈ ॥

ਵਿਸ਼ਨੂੰ ਆਦਿ ਦੇਵਤੇ ਸੇਵਾ ਦਾ ਫਲ ਦੇਣ ਤੋਂ ਮੁਕਰਦੇ ਨਹੀਂ ਸਗੋਂ ਬਦਲੇ ਦਾ ਫਲ ਦਿੰਦੇ ਹਨ ਪਰ ਉਨਾਂ ਦੀ ਇਛਿਆ ਪੂਰੀ ਕੀਤੀ ਹੋਈ ਐਵੇਂ ਬਰਾਬਰ ਹੀ ਹੁੰਦੀ ਹੈ (ਨਾਹੀ ਤ੍ਰਿਪਤ ਸੇਵਾ ਕਰਨ ਵਾਲਾ ਹੁੰਦਾ ਹੈ ਅਤੇ ਨਾਂ ਹੀ ਓਹ ਸੰਪੂਰਨ ਫਲ ਦਿੰਦੇ ਹਨ)

ਪੂਰਨ ਬ੍ਰਹਮ ਗੁਰ ਬਰਖਾ ਅੰਮ੍ਰਿਤ ਹਿਤ

ਸੁਖ ਹਰਖ ਦੇਤ ਸਰਬ ਨਿਧਾਨ ਹੈ ॥ ੪੫੧ ॥

(ਹਰਖ) ਖੁਸ਼ੀ (ਨਿਧਾਨ) ਖਜ਼ਾਨਾ। ਵਿਆਪਕ ਵਾਹਿਗੁਰੂ ਦਾ ਸਰੂਪ ਗੁਰੂ ਬਦਲਾਂ ਵਾਂਗ ਨਿਆਰਾ ਨਾਮ ਅੰਮ੍ਰਿਤ (ਪਾਣੀ) ਦੀ ਬਾਰਸ਼ (ਹਿਤ) ਪ੍ਰੇਮ ਨਾਲ (ਬਰਖਾ) ਕਰਦੇ ਹਨ ਅਤੇ ਖੁਸ਼ੀ ਨਾਲ ਸਿਖਾਂ ਨੂੰ ਸਰਬ ਖਜ਼ਾਨੇ ਬਖਸ਼ ਦਿੰਦੇ ਹਨ। ਭਾਵ ਜਿਵੇਂ ਮੀਂਹ ਦਾ ਪਾਣੀ ਇਕ ਹੀ ਧਰਤੀ ਨੂੰ ਪਹੁੰਚ ਸਕਦਾ ਸੀ ਜਿਵੇਂ ਦੇਵਤਿਆਂ ਦੀ ਸੇਵਾ ਦਾ ਫਲ ਅਤੇ ਬਦਲਾ ਦੇਕੇ ਸਾਰੀ ਜਹਾਨ ਨੂੰ ਨਿਹਾਲ ਕਰ ਦਿੰਦਾ ਹੈ ਅਤੇ ਸੋਹਣੇ ਫਲ ਆਦਿਕ ਦੇ ਬੋਹਲਾਂ ਨਾਲ ਭਰੇ ਲੋਕ ਹਨ ਇਵੇਂ ਸਤਿਗੁਰੂ ਸਿਖਾਂ ਨਾਲ ਪ੍ਰੇਮ ਆਪੂੰ ਦੇ ਹਨ ॥੪੫੧॥

ਗੁਰ ਸਿਖ ਨੂੰ ਹੋਰਨਾਂ ਦੇਵਤਿਆਂ ਦੇ ਸੇਵਕ ਇਉਂ ਚੰਗੇ ਨਹੀਂ ਲਗਦੇ

ਜੈਸੇ ਉਲੂ ਦਿਨ ਸਮੈ ਕਾਹੂਐ ਨ ਦੇਖੈ ਭਾਵੈ

ਤੈਸੇ ਸਾਧ ਸੰਗਤ ਮੈ ਆਨ ਦੇਵ ਸੇਵ ਕੈ ।

ਜਿਵੇਂ ਦਿਨ ਦੇ ਵੇਲੇ ਉੱਲੂ ਕਿਸੇ ਨੂੰ ਵੇਖਿਆ ਨਹੀਂ ਭਾਉਂਦਾ, ਜਿਵੇਂ ਹੀ (ਆਨ) ਹੋਰ ਦੇਵਤਿਆਂ ਦਾ ਦਾਸ (ਗੁਰਮੁਖਾਂ ਦੀ) ਸਾਧ ਸੰਗਤ ਵਿਚ ਚੰਗਾ ਨਹੀਂ ਲਗਦਾ।

ਜੈਸੇ ਕਾਗ ਵਿਦਜਮਾਨ ਬੋਲਤ ਨ ਕਾਹੂ ਭਾਵੈ

ਆਨ ਦੇਵ ਸੇਵਕ ਜੌ ਬੋਲੈ ਅਹੰਮੇਵ ਕੈ ।

ਜਿਵੇਂ ਕਾਂ ਭਾਵੇਂ ਕਿੰਨਾ ਹੀ ਸਿਆਣਾ ਹੋਵੇ ਪਰ ਪ੍ਰਗਟ ਹੋ ਬੋਲਣਾ ਕਿਸੇ ਨੂੰ ਨਹੀਂ ਭਾਉਂਦਾ ਇਉਂ ਹੀ (ਆਨ) ਹੋਰ ਦੇਵਤਿਆਂ ਦਾ ਸੇਵਕ ਜੋ ਹੰਕਾਰ ਭਰਿਆ ਬੋਲਦਾ ਹੈ (ਓਹ ਕਿਸੇ ਨੂੰ ਨਹੀਂ ਚੰਗਾ ਲਗਦਾ।)

ਕਰਤ ਕਰਤ ਸ੍ਵਾਨ ਪ੍ਰੀਤਿ ਬਿਪਰੀਤਿ ਜੈਸੇ
ਆਨ ਦੇਵ ਸੇਵਕ ਸੁਭਾਇ ਨ ਕੁਟੇਵ ਹੈ ।

ਜਿਵੇਂ (ਸ੍ਵਾਨ) ਕੁੱਤੇ ਦਾ ਕਰਦਿਆਂ ੨ ਬਹੁਤ ਪਿਆਰ ਦੇ ਉਲਟ ੨ ਵਿਹਾਰ ਕਰਦਾ ਹੈ, ਤਿਵੇਂ ਹੀ (ਆਨ) ਹੋਰ ਦੇਵਤਿਆਂ ਦਾ ਸੇਵਕ ਹੋਣ ਕਰਕੇ ਉਸ ਵਿਚ ਬੁਰੀ (ਕੁਟੇਵ) ਆਦਤ ਹੁੰਦੀ ਹੈ ।

ਜੈਸੇ ਤੌ ਮਰਾਲ ਮਾਲ ਸੋਭਤ ਨ ਬਗ ਠਗ
ਬਾਂਛਤਿ ਪਰਮ ਪਦ ਆਨ ਦੇਵ ਸੇਵਕੈ ॥੪੬੨॥

(ਮਰਾਲ) ਹੰਸ । ਜਿਵੇਂ (ਬਗਲੇ) ਹੰਸਾਂ ਦੀਆਂ ਡਾਰਾਂ ਵਿਚ ਬਗਲਾ ਠੱਗ ਨਹੀਂ ਸੋਂਹਦਾ ਤਿਵੇਂ ਹੀ ਪਰਮ ਪਦ ਦੀ ਚਾਹਨਾ ਵਿਚ ਹੋਰ ਦੇਵਤਿਆਂ ਦਾ ਸੇਵਕ ਹੋਣਾ ਨਹੀਂ ਫਬਦਾ ਭਾਵ ਉਹ ਸਿਖੀ ਨੂੰ ਨਹੀਂ ਫਬਦਾ ਕਾਰਨ ਹੋਰ ਦੇਵ ਚਾਹੀਦੇ ॥ ੪੬੨ ॥

ਗੁਰ ਸਿਖਾਂ ਦੀ ਕਦਰ ਮਨਮੁਖ ਇਤਰ ਨਹੀਂ ਜਾਣਦੇ ।

ਜੈਸੇ ਉਲੂ ਆਦਿਤ ਉਦੋਤਿ ਜੋਤਿ ਕੋ ਨ ਜਾਨੈ
ਆਨ ਦੇਵ ਸੇਵਕ ਨ ਸੂਝੈ ਸਾਧ ਸੰਗ ਮੈ ।

ਜਿਵੇਂ ਉੱਲੂ ਸੂਰਜ ਦੇ ਚਾਨਣ ਦੀ ਜੋਤ ਨੂੰ ਨਹੀਂ ਜਾਣਦਾ ਤਿਵੇਂ ਹੀ ਹੋਰ ਦੇਵਤਿਆਂ ਦੇ ਸੇਵਕ ਨੂੰ ਸਾਧ ਸੰਗਤ ਮੇਂ ਕੁਝ ਨਹੀਂ ਸੁਝਦਾ (ਭਾਵ ਕਦਰ ਨਹੀਂ ਜਾਣਦਾ)

ਮਰਕਟ ਮਨਿ ਮਾਨਿਕ ਮਹਿਮਾ ਨ ਜਾਨੈ
ਆਨ ਦੇਵ ਸੇਵਕ ਨ ਸਬਦ ਪ੍ਰਸੰਗ ਮੈ ।

ਜਿਵੇਂ (ਮਰਕਟ) ਬਾਂਦਰ ਮਣੀਆਂ ਮਾਣਿਕਾਂ ਦੀ ਮਹਿਮਾ ਨਹੀਂ ਜਾਣਦਾ ਤਿਵੇਂ ਹੀ (ਆਨ) ਹੋਰ ਦੇਵਤਿਆਂ ਦਾ ਸੇਵਕ ਗੁਰ ਸ਼ਬਦ ਦੇ ਪ੍ਰਸੰਗ ਵਿਚ ਲੱਗਿਆ ਕਦਰ ਨਹੀਂ ਜਾਣਦਾ ।

ਜੈਸੇ ਤੌ ਕਲਿਹ ਪਾਨ ਕੈ ਮਹਾਤਮੈ ਨ ਜਾਨੈ
ਆਨ ਦੇਵ ਸੇਵਕ ਮਹਾ ਪ੍ਰਸਾਦਿ ਅੰਗ ਮੈ ।

ਜਿਵੇਂ ਕੋਈ ਰੋਗੀ ਦੁਧ ਪੀਣ ਦੀ ਕਦਰ ਨਹੀਂ ਜਾਣਦਾ ਤਿਵੇਂ ਹੀ (ਆਨ) ਹੋਰ ਦੇਵਤਿਆਂ ਦਾ ਸੇਵਕ ਕੜਾਹ ਪ੍ਰਸ਼ਾਦ ਦੀ ਮਹਿਮਾ ਵਿਚ ਕਦਰ ਨਹੀਂ ਜਾਣਦਾ ॥

ਬਿਨੁ ਹੰਸ ਬੰਸ ਬਗ ਤੋਰਿ ਨ ਸਕਤ ਇਕ
ਅਗਮ ਅਗਾਧਿ ਸੁਖ ਸਾਗਰ ਤਰੰਗ ਮੈ ॥ ੫੪੪॥

(ਸਾਗਰ) ਸਮੁੰਦ੍ਰ। ਜਿਵੇਂ ਹੰਸਾਂ ਦੀ ਸੰਤਾਨਤੋਂ ਬਿਨਾਂ ਬਗਲੇ ਡੂੰਘੇ ਸਮੁੰਦ੍ਰ (ਮਾਨਸਰ) ਦੀਆਂ ਲਹਿਰਾਂ ਵਿਚ ਬਗਲਾ ਤਰ ਸੁਖ ਨਾਲ ਨਹੀਂ ਇਸ ਤਰ੍ਹਾਂ ਹੀ ਤਿਵੇਂ ਹੀ ਗੁਰਮੁਖਾਂ ਤੋਂ ਬਿਨਾਂ ਮਨਮੁਖ ਬਹੁਤ ਭਾਵੇਂ ਸਾਰੇ ਵਾਲੇ ਵਾਹਿਗੁਰੂ ਦੀ ਸਤਸੰਗਤ ਸੁਖਾਂ ਦੇ ਘਰ ਵਿਚ ਨਹੀਂ ਠਹਿਰ ਸਕਦਾ ॥ ੫੪੪ ॥

ਹੋਰ ਦੇਵਤਿਆਂ ਦੇ ਸੇਵਕ ਦੇਵਤਿਆਂ ਪਾਸੋਂ ਪਾਏ ਚੰਗਾ ਨਹੀਂ ਵੇਖਦੇ ਹਰ ਕਿਸੇ ਨੂੰ ਗੁਰੂ ਮਹਾਰਾਜ ਸਭ ਸ਼ਾਹ ਪਾਸ ਆਂਦੇ ਹਨ।

ਜੈਸੇ ਤੌ ਨਗਰ ਏਕ ਹੋਤ ਹੈ ਅਨੇਕ ਹਾਟੈ
ਗਾਹਕ ਅਸੰਖ ਆਵੈ ਬੋਹਰੁ ਲੈਨ ਕੌ।

ਜਿਵੇਂ ਇਕ ਪਿੰਡ ਵਿਚ ਅਨੇਕਾਂ ਹੀ ਹਟੀਆਂ ਹੁੰਦੀਆਂ ਹਨ ਅਤੇ ਗਾਹਕ ਅਣਗਿਣਤ ਹੀ ਸੌਦਾ ਦੇਣ ਲੈਣ ਆਉਂਦੇ ਹਨ॥

ਜਾਪੈ ਕਛੁ ਬੇਚੈ ਅਰੁ ਬਨਜੁ ਨ ਸੰਚੈ ਪਾਵੈ
ਆਨ ਪੈ ਬਿਸਾਹੈ ਜਾਇ ਦੇਖੈ ਸੁਖ ਨੈਨ ਕੌ।

(ਜਿਵੇਂ) ਜਿਸ ਪਾਸ ਥੋੜੀ ਕੁਝ ਵੇਚ ਦੇਵੇ ਅਤੇ ਅਗੋਂ ਸੌਦਾ ਪੁੱਛਿਆ ਮੰਗ ਦੇਂਦਾ (ਯਾ ਆਪਣਾ ਲੈਣਾ) ਮੰਗਿਆ ਨਹੀਂ ਪੌਂਦਾ ਤਾਂ ਹੋਰ ਪਾਸੋਂ ਜਾ ਖਰੀਦਦਾ ਹੈ ਜਿਵੇਂ ਨੈਣਾਂ ਨੂੰ ਸੁਖ ਦੇਖਦਾ ਜਿਆ ਨਾਲ ਕੁਝ ਨਾਲ ਸਮਝਦਾ ਹੈ।

ਜਾਕੀ ਹਾਟੀ ਸਕਲ ਸਮੱਗ੍ਰੀ ਪਾਵੈ ਸੋ ਬਿਕਾਵੈ
ਬੋਹਤ ਬਿਸਾਹਤ ਚਾਹਤ ਚਿਤ ਚੈਨ ਕੌ।

(ਜਿਵੇਂ) ਜਿਸਦੀ ਹਟੀ ਸਾਰੀ ਸਾਮਗ੍ਰੀ ਪਾਵੇ ਅਤੇ ਵਿਕਾ ਦੇਵੇ (ਵੇਚ ਦੇਵੇ) ਓਥੋਂ ਹੀ ਉਹ ਆਪਣਾ ਸੌਦਾ ਵੇਚਦਾ ਅਤੇ ਸਮਾਨਲੈਂਦੇ ਰਹਿੰਦੇ (ਵਿਸਾਹਣ) ਕਰਦਾ ਹੈ ਕਿਉਂਕਿ ਮਨ ਨੂੰ ਸ਼ਾਂਤੀ ਜਿਸ ਦੀ ਚਾਹੁੰਦਾ ਹੈ (ਕਿ ਕਿਸੇ ਤਰਾਂ ਦਾ ਨੁਕਸਾਨ ਨਾ ਹੋਵੇ)॥

ਆਨ ਦੇਵ ਸੇਵ ਜੈਸੇ ਸਤਿਗੁਰ ਪੂਰੇ ਸਾਹ
ਸਰਬ ਨਿਧਾਨ ਦਾਨ ਲੈਨ ਅਰੁ ਦੇਨ ਕੌ॥੫੪੫॥

ਇਵੇਂ ਹੀ ਸਭ ਸ਼ਾਹ ਪੂਰੇ ਗੁਰੂ ਮਹਾਰਾਜ ਜੀ ਹਨ ਅਤੇ ਦੂਜਾ ਦੇਵ

ਤੇ ਜਿਨ੍ਹਾਂ ਦਾ ਗੁਜ਼ਾਰਾ ... ਅਤੇ ਆਸਰਾ ਕਾਮ ਦੇ (ਵਿਸ਼ਿਆਂ ਮਿਥੀਆਂ ਤੇ) ਉਨ੍ਹਾਂ ਪਾਸ ਕੁਝ ਹੁੰਦੇ ਹਨ ਅਤੇ ਹੋਰ ਦੇਵੀਆਂ ਦੇ ਸੇਵਕ ਹੋਣ ਵਾਲੇ ਮੋਖ ਮੁਕਤੀ ਰੂਪ ਜਾਂਦੇ ਹਨ ॥੪੫੪॥

ਦੁਨਿਆਵੀ ਲੋਕਾਂ ਨੂੰ ਰਤਨ ਜਨਮ ਦੀ ਖਬਰ ਨਹੀਂ ਪਾਈ ਅਤੇ ਜਾਰ ਸਿਖਾਂ ਨੂੰ ਲੋਹ ਗਲ ਗੁਰਾਂ ਨੇ ਜਾਣਾ ਦਿੱਤੀ ਹੈ ॥

ਕਨਿਕ ਬਿਉਹਾਰ ਬਿਖੈ ਰਤਨ ਪਾਰਖ ਹੋਇ
ਰਤਨ ਜਨਮ ਕੀ ਪਰੀਖਿਆ ਨਾਹਿ ਪਾਈ ਹੈ।

(ਸੰਸਾਰੀ ਲੋਕ) ਸੋਨੇ ਕਰਨ ਵਿਚ ਅਤੇ ਰਤਨ ਪਰਖਣ ਵਿਚ ਤਾਂ ਤਜਰਬੇਕਾਰ ਹੁੰਦੇ ਹਨ ਪਰ ਅਮੋਲਕ ਰਤਨ ਦੀ ਨਿਆਈਂ ਜੋ ਜਨਮ ਮਿਲਿਆ ਸੀ ਇਸ ਦੀ ਕਦਰ ਕਰਨ ਦੀ ਰੀਤੀ ਨਾ ਪਾਈ॥

ਰੈਣਿ ਗਵਾਈ ਸੋਇ ਕੈ ਦਿਵਸੁ ਗਵਾਇਆ ਖਾਇ।

ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ। (ਗਉੜੀ ਗੁਰੂ ਜੀ ੧)

ਹੀਰਾ ਲਾਲ ਅਮੋਲੁ ਜਨਮੁ ਹੈ ਕਉਡੀ ਬਦਲੈ ਹਾਰਿਓ ਹੈ।(ਗਉੜੀ ਕਬੀਰ ਜੀ)

ਲੇਖੇ ਚਿਤ੍ਰ ਗੁਪਤ ਸੈਂ ਲੇਖਕ ਲਿਖਾਰੀ ਭਏ
ਜਨਮ ਮਰਨ ਕੀ ਅਸੰਕਾ ਨ ਮਿਟਾਈ ਹੈ।

(ਸੰਸਾਰੀ ਲੋਕ) ਲੇਖਿਆਂ ਦੇ ਲਿਖਣ ਵਿਚ ਚਿਤ੍ਰ ਗੁਪਤ (ਧਰਮ ਰਾਜਾ ਦੇ ਮੁਨਸ਼ੀਆਂ) ਵਾਂਗੂ ਲਿਖਾਰੀ ਤਾਂ ਹੋ ਗਏ ਪਰ ਜਨਮ ਮਰਨ ਦੀ ਗਿਣਤੀ ਨਾ ਦੂਰ ਕੀਤੀ ॥

ਬੀਰ ਬਿਦਿਆ ਮਹਾਬਲੀ ਭਏ ਹੈਂ ਧਨੁਖਧਾਰੀ
ਹਉਮੈ ਕੋ ਮਾਰ ਨ ਸਹਜ ਲਿਵ ਲਾਈ ਹੈ।

ਸੂਰਮਿਆਂ ਦੀ ਵਿਦਿਆ ਕਰਕੇ ਧਨੁਖ ਧਾਰਨ ਵਾਲੇ (ਪਰਸਰਾਮ, ਰਾਮ ਚੰਦ੍ਰ, ਅਰਜਨ, ਦਾਰਾ) ਤਾਂ ਬਹਾਦਰ ਬਲ ਵਾਲੇ ਸਾਬਤ ਹੋਏ ਹਨ ਪਰ ਹੰਕਾਰ ਨੂੰ ਮਾਰਕੇ ਗਿਆਨ ਸਰੂਪ ਵਾਹਿਗੁਰੂ ਵਿਚ ਬ੍ਰਿਤੀ ਟਿਕਾ ਕੇ ਭੀ ਨਹੀਂ ਲਾਈ ਹੈ ॥

ਪੂਰਨ ਬ੍ਰਹਮ ਗੁਰਦੇਵ ਸਿਉ ਨ ਲਿਵ ਲਾਈ
ਮਾਇਆ ਮੈ ਉਦਾਸੀ ਹੁਇ ਸਿਖਨ ਸਿਖਾਈ ਹੈ ॥੪੫੫॥

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗ੍ਰਿਹਸਤ ਵਿਚ ਹੀ ਆਪਣੇ ਸਿਖਾਂ ਨੂੰ

ਅੰਮ੍ਰਿਤਮਈ ਵਾਹਿਗੁਰੂ ਨੂੰ ਸਹਿਜ (ਜੀਵ) ਇਕ ਇਕੋ ਜਿਹਾ ਵੇਖਕੇ ਸਮਰਥ ਦ੍ਰਿਸ਼ਟੀ ਵਾਲੇ ਹੋਣ। ਅਤੇ ਵਾਹਿਗੁਰੂ ਦੀ ਅਕਥ ਕਥਾ ਵਿਚਾਰਕੇ ਮਨ ਵਿਚ ਧਾਰ (ਧਾਰੀ) ਲਈ ਹੈ॥

ਨਿਹਚਲ ਹੋਇ ਭਏ ਆਸਾ ਤੇ ਨਿਰਾਸ ਭਏ

ਕਰਨ ਕਾਰਨ ਪ੍ਰਭ ਜਾਨ ਹੌਮੈ ਮਾਰੀ ਹੈ।

ਅਤੇ ਜੋ ਹਰ ਤਰ੍ਹਾਂ ਵਾਹਿਗੁਰੂ ਦਾ ਭਾਣਾ ਮੰਨਦਾ ਹੈ ਤਿਸਨੂੰ ਰੋਣ ਪਿੱਟਣ ਧਨ ਅਤੇ ਪਦਾਰਥਾਂ ਦੀ ਆਸਾ ਤੇ ਨਿਰਾਸ ਹੋਇ ਰਹਿੰਦੇ ਹਨ ਅਤੇ ਕਰਨ ਕਾਰਨ ਵਾਹਿਗੁਰੂ ਨੂੰ ਜਾਣਕੇ ਹੰਕਾਰ ਮਾਰੀ ਹੈ॥

ਸੂਖਮ ਸਥੂਲ ਓਅੰਕਾਰ ਕੈ ਅਕਾਰ ਹੋਇ

ਬ੍ਰਹਮ ਬਿਬੇਕ ਬੁਧਿ ਭਏ ਬ੍ਰਹਮਚਾਰੀ ਹੈ।

ਇਕ ਵਾਹਿਗੁਰੂ ਦੇ ਅਕਾਰ ਨਿੱਕੇ ਵੱਡੇ ਜੀਵ ਕੀਤੇ ਹੋਇ ਹਨ। ਇਕੁਰ ਵਾਹਿਗੁਰੂ ਦਾ ਵਿਚਾਰ ਅਕਲ ਵਿਚ ਵਿਚਾਰਕੇ ਜਤੀ ਹੋਏ ਹਨ॥

ਬਟ ਬੀਜ ਕੋ ਬਿਥਾਰ ਬ੍ਰਹਮ ਕੈ ਮਾਇਆ ਛਾਇਆ

ਗੁਰਮੁਖ ਏਕ ਟੇਕ ਦੁਬਿਧਾ ਨਿਵਾਰੀ ਹੈ॥੪੫੮॥

ਜਿਕੁਰ (ਬਟ) ਬੋਹੜ ਦੇ ਬੀਜ ਦਾ (ਬਿਥਾਰ) ਫੈਲਾਉ ਹੁੰਦਾ ਹੈ ਇਕੁਰ ਹੀ ਇਕ ਵਾਹਿਗੁਰੂ ਦਾ ਮਾਇਆ ਕਰਕੇ ਸਾਰਾ ਜਗ ਜਾ ਰੂਪ ਪਸਾਰਾ ਹੋਇਆ ਹੋਇਆ ਜਾਣਦੇ ਹਨ ਅਤੇ ਉਸੇ ਦੀ ਹੀ ਗੁਰਮੁਖ ਇਕ ਓਟ ਲੈਕੇ ਦ੍ਵੈਤ ਨੂੰ ਦੂਰ ਕਰ ਦੇਂਦੇ ਹਨ॥ ੪੫੮॥

ਪੁਨਾ ਦੇਵਤਿਆਂ ਦੀ ਸਰਨ ਨਾਲੋਂ ਗੁਰਾਂ ਦੀ ਸਰਨ ਦਾ [illegible] ਦਸਦੇ ਹਨ॥

ਜੈਸੇ ਤੌ ਸਕਲ ਦ੍ਰੁਮ ਆਪਨੀ ਆਪਨੀ ਭਾਂਤਿ

ਚੰਦਨ ਚੰਦਨ ਕਰੇ ਸਰਬ ਤ੍ਰਮਾਲ ਕੌ।

(ਦ੍ਰੁਮ) ਬ੍ਰਿਛ। ਜਿਕੁਰ ਸਾਰੇ ਬ੍ਰਿਛ ਆਪਣੀ ੨ ਤਰਾਂ ਹਨ। ਭਾਵ ਇਕ ਦੂਜੇ ਦਾ ਸੁਭਾਉ ਕੋਈ ਨਹੀਂ ਬਦਲਾ ਸਕਦਾ ਅਤੇ, ਚੰਦਨ ਸਾਰੇ ਬ੍ਰਿਛਾਂ ਨੂੰ ਚੰਦਨ ਕਰ ਲੈਂਦਾ ਹੈ॥

ਤ੍ਰਾਂਬਾ ਹੀ ਸੋ ਹੋਤ ਜੈਸੇ ਕੰਚਨ ਕਲੰਕ ਖਾਰੇ

ਪਾਰਸ ਪਰਸ ਧਾਤ ਸਕਲ ਉਜਾਲ ਕੌ।

(ਬਸਨ) ਬੋਲਾ। ਜਿਵੇਂ [illegible] ਆਦਿ [illegible] ਸਾਰੇ ਆਸ਼੍ਰਮ ਨੂੰ [illegible] ਸਾਰੀਆਂ [illegible] ਕਿਸਮ ਦੀਆਂ [illegible] ਨੂੰ [illegible] ਕਰਨ ਵਾਲੀਆਂ ਹੋਂਦੀਆਂ ਹਨ।

ਸਰਿਤਾ ਅਨੇਕ ਜੈਸੇ ਤ੍ਰਿਬੇਣੀ ਪ੍ਰਯਾਗ ਸੰਗ
ਸੁਰਸਰੀ ਸੰਗਮ ਸਮ ਜਲ ਜੁਲਾਲ ਹੈ।

(ਸਰਿਤਾ) ਨਦੀ। (ਸੁਰਸਰੀ) ਗੰਗਾ। ਜਿਵੇਂ ਅਨੇਕਾਂ ਨਦੀਆਂ [illegible] ਫਲਾਂ ਦੇ [illegible] ਵਾਲੀਆਂ ਹੁੰਦੀਆਂ ਹਨ (ਪਰ [illegible] ਨਹੀਂ ਪਹੁੰਚ ਸਕਦੀਆਂ) ਅਤੇ ਗੰਗਾ ਨਦੀ [illegible] ਨਾਲ (ਸਮ) ਮਿਲਕੇ [illegible] ਨਾਲ ਸਮੁੰਦ੍ਰ ਵਿਚ ਜਾ ਪੈਂਦੀਆਂ ਹਨ।

ਤੈਸੇ ਹੀ ਸਕਲ ਦੇਵ ਦੇਵੀ ਸੈ ਟਹਲ ਮਾਹਿ
ਸਤਿਗੁਰ ਅਸਰਨ ਸਰਨ ਅਕਾਲ ਹੈ ॥ ੪੫੯ ॥

ਤਿਵੇਂ ਹੀ ਸਾਰੇ ਦੇਵਤੇ [illegible] (ਦੇਵੀ) [illegible] ਨਹੀਂ [illegible] ਅਤੇ ਸਤਿਗੁਰੂ ਅਸਰਨਾਂ ਨੂੰ ਸਰਨ ਦੇਕੇ ਵਾਹਿਗੁਰੂ ਨੂੰ ਮਿਲਾ ਦਿੰਦੇ ਹਨ ॥ ੪੫੯ ॥

ਹੋਰ ਸਿਖਾਂ ਦੇ [illegible] ਦੇਵ [illegible] ਵਿਚ ਨਹੀਂ ਹੋ ਸਕਦੇ ॥

ਗਿਰਵਰ ਹੀ ਤੇ ਹੋਤ ਕਮਲ ਸਮੇਤ ਬਹੁ
ਬਨ ਬਨ ਡੋਲੇ ਕਾਗ ਬਗ ਪੰਛੀ ਸਭਨ ਹੈ।

(ਗਿਰਵਰ) ਪਰਬਤ। ਭਾਵੇਂ ਪਰਬਤ ਤੇ ਕਮਲਾਂ ਸਮੇਤ [illegible] ਹੁੰਦਾ ਹੈ (ਪਰ [illegible] ਕਮਲਾਂ ਦੀ [illegible] ਨਹੀਂ [illegible]) ਅਤੇ ਬਨ ਦੇ ਵਿਚ [illegible] ਨਾਲ ਫਿਰਦੇ ਪੰਛੀਆਂ ਦਾ [illegible] ਨਹੀਂ ਹੋ ਸਕਿਆ ਹੈ ॥

ਘਰ ਘਰ ਫਿਰਤ ਮੰਜਾਰ ਹੀ ਅਹਾਰ ਪਾਵੈ
ਕੈਸੇ ਬਿਲਨੀ ਅਨੇਕ ਸਤੀ ਨ ਸਮਾਨ ਹੈ।

(ਮੰਜਾਰ) ਬਿੱਲਾ। ਜਿਵੇਂ ਘਰ ਘਰ ਫਿਰਦਾ ਬਿੱਲਾ [illegible] ਪਾ ਲਿਆਂਦਾ ਹੈ (ਅਤੇ [illegible] ਨਹੀਂ [illegible]) [illegible] ਨਾਲ [illegible] ਹੈ [illegible] ਨਹੀਂ ਹੋ ਸਕਦੀ।